ਮਾਰਚ-2012

# ਸਰੋਕਾਰਾਂ ਦੀ ਆਵਾਜ਼

ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ



ਸਮਾਂ ਮੰਗ ਕਰਦਾ ਹੈ
ਕਿ ਇਕ ਨਵੇਂ ਸਮਾਜ
ਦਾ ਸੁਪਨਾ ਸਾਕਾਰ ਕਰਨ
ਲਈ ਆਪਣੇ ਵਿਚਾਰਾਂ ਨੂੰ
ਹੋਰ ਤਿੱਖੇ ਕਰੋ




ਅਸੀਂ ਅਜਿਹੇ ਸਮਿਆਂ ਵਿਚ ਜੀ ਰਹੇ ਹਾਂ ਜਦੋਂ ਕੁਰਬਾਨੀ ਦਰ ਕੁਰਬਾਨੀ ਨੂੰ ਇਸ ਤਰ੍ਹਾਂ ਆਪਣੇ ਸੰਘਰਸ਼ਾਂ ਦਾ ਇਕ ਮਾਰਗ ਦਰਸ਼ਕ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਹਾਲਾਂਕਿ ਮਨੁੱਖ ਤਾਂ ਰੋਜ਼ ਕੁਰਬਾਨੀ ਦੇ ਰਿਹਾ ਹੈ ਜਦੋਂ ਉਸ ਦੇ ਖੂਨ ਦਾ ਕਤਰਾ ਕਤਰਾ ਵੱਖ ਵੱਖ ਸਰਮਾਏ ਦੇ ਚਲਣ ਢੰਗਾਂ ਰਾਹੀਂ ਨਚੋੜਿਆ ਜਾ ਰਿਹਾ ਹੈ ਉਸ ਦੇ ਨਿਕਲ ਰਹੇ ਇਸ ਖੂਨ ਉਪਰ ਕਿਸ ਕਿਸਮ ਦਾ ਸਮਾਜ ਕਿੰਨਾ ਲੋਕਾਂ ਲਈ ਉਸਰਿਆ ਹੋਇਆ ਹੈ ਉਨ੍ਹਾਂ 'ਤੇ ਉਂਗਲ ਉਠਾਉਣਾ ਸ਼ਾਇਦ ਅਸੀਂ ਸਹੀ ਢੰਗ ਨਾਲ ਭੁੱਲਦੇ ਜਾ ਰਹੇ ਹਾਂ ਪ੍ਰੰਤੂ ਸ਼ਹੀਦ ਭਗਤ ਸਿੰਘ ਇਸ ਪ੍ਰਤੀ ਬੜਾ ਗੰਭੀਰ ਅਤੇ ਸੰਜੀਦਾ ਸੀ ਕਿ ਜਦ ਤੱਕ ਲੱਖਾਂ ਲੋਕ ਆਪਣੇ ਇਕਜੁਟ ਕਰਕੇ ਹੱਥ ਖੜ੍ਹੇ ਨਹੀਂ ਕਰਦੇ ਕਿ ਅਸੀਂ ਆਪਣੀ ਕਿਰਤ ਦੇ ਸਿਰ 'ਤੇ ਜੋ ਕੁਝ ਉਸਾਰਿਆ ਹੈ ਉਸ ਦੇ ਮਾਲਕ ਅਸੀਂ ਆਪ ਬਣਨਾ ਹੈ ਇਸ ਉਪਰ ਸਾਡਾ ਕਬਜ਼ਾ ਚਾਹੀਦਾ ਹੈ। ਇਸ ਵਾਸਤੇ ਅਸੀਂ ਸਮੂਹਿਕ ਸੰਘਰਸ਼ਾਂ ਦੀ ਅਤੇ ਵਿਚਾਰਾਂ ਦੀ ਵਕਾਲਤ ਕਰਦੇ ਹਾਂ। ਕਦੀ ਕਦਾਈਂ ਜ਼ਰੂਰ ਕਿਸੇ ਘਟਨਾਕ੍ਰਮ ਵਿਚ ਵਿਅਕਤੀਗਤ ਕੁਰਬਾਨੀਆਂ ਅਹਿਮੀਅਤ ਰੱਖਦੀਆਂ ਹਨ ਪ੍ਰੰਤੂ ਇਹ ਸਮੁੱਚੇ ਸਮਾਜ ਦੀ ਤਬਦੀਲੀ ਨਹੀਂ ਲਿਆ ਸਕਦੀਆਂ। ਜਿੰਨੇ ਵੀ ਸਮਾਜ ਨਵੇਂ ਉਸਰੇ ਹਨ ਜਾਂ ਜਿੰਨੇ ਵੀ ਇਤਿਹਾਸਕ ਤੌਰ 'ਤੇ ਵੱਡੇ ਸੰਘਰਸ਼ ਉਪਜੇ ਹਨ ਉਨ੍ਹਾਂ ਵਿਚ ਲੱਖਾਂ ਲੋਕਾਂ ਦੀ ਤਾਕਤ ਹੀ ਵੱਡੀ ਤਬਦੀਲੀ ਦਾ ਸੁਚਿਕ ਹੁੰਦੀ ਹੈ। ਇਸ ਦਿਸ਼ਾ ਵੱਲ ਸੋਚਣਾ ਅਜੋਕੇ ਸਮਿਆਂ 'ਚ ਸਭ ਤੋਂ ਵੱਡੀ ਜ਼ਰੂਰਤ ਹੈ।

# ਸਰੋਕਾਰਾਂ ਦੀ ਆਵਾਜ਼

**ਸਾਲ 1, ਅੰਕ 8, ਮਾਰਚ 2012**



**ਸੰਪਾਦਕ ਮੰਡਲ**

**(ਆਨਰੇਰੀ)**

ਦਵਿੰਦਰ ਤੂਰ

ਹਰਬੰਸ ਸਿੰਘ

ਸੁਖਵਿੰਦਰ ਸਿੰਘ ਢਿੱਲੋਂ

ਜਸਪ੍ਰੀਤ ਧਾਲੀਵਾਲ

ਸੁਖਦੇਵ ਸਿੰਘ ਸੰਧੂ

ਮਾਸਟਰ ਬਲਬੀਰ ਸਿੰਘ ਗਿੱਲ

ਦਰਸ਼ਨ ਚਾਹਲ (ਸਰੀ, ਬੀ.ਸੀ.)

ਕੁਲਦੀਪ ਸਿੰਘ

ਬਲਜਿੰਦਰ ਸਿੰਘ

ਗ੍ਰਾਫਿਕਸ ਡਿਜ਼ਾਇਨਰ

ਬੀ. ਸਿੰਘ

akashdeep.1064@gmail.com

**ਨੋਟ : ਸੰਪਾਦਕੀ ਮੰਡਲ ਦਾ ਛਪੀਆਂ ਰਚਨਾਵਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।**



**Head Office**

**Pro-People Arts Project Media Group**
**SAROKARAN DI AWAZ**
**29 MAPLEVIEW AVE**
**BRAMPTON ONTARIO**
**CANADA L6R 1M2**
**E-Mail : ppapmg@gmail.com**
**www.ppapmg.com**


## ■ ਸੰਪਾਦਕੀ

# ਆਓ ਸੋਚਣ ਦੇ ਢੰਗ ਨੂੰ ਵਿਕਸਿਤ ਕਰੀਏ

ਅਜੋਕੀ ਦੁਨੀਆ ਦੇ ਚਲਣ ਢੰਗਾਂ ਵਿਚ ਕਈ ਕੁਝ ਇਸ ਤਰ੍ਹਾਂ ਵਾਪਰ ਰਿਹਾ ਹੈ ਕਿ ਇਤਿਹਾਸਕ ਦੌਰਾਂ ਵਿਚ ਜਿਨ੍ਹਾਂ ਨੇ ਇਕ ਬਦਲਵਾਂ ਵਿਚਾਰਧਾਰਕ ਤੇ ਨਵੇਂ ਸਮਾਜ ਵਾਲਾ ਸੁਪਨਾ ਉਸਾਰਦਿਆਂ ਆਪਣੇ ਆਪ ਨੂੰ ਉਸ ਨਾਲ ਸਮਿਲਤ ਕਰ ਲਿਆ ਸੀ ਉਨ੍ਹਾਂ ਵਿਚ ਦੁਨੀਆ ਦੇ ਬੜੇ ਵਿਚਾਰਵਾਨ ਅਤੇ ਕ੍ਰਾਂਤੀਕਾਰੀ ਆਉਂਦੇ ਹਨ। ਜਿਨ੍ਹਾਂ ਨੇ ਦੁਨੀਆਂ ਦੇ ਪੈਮਾਨੇ ’ਤੇ ਲਗਾਤਾਰ ਮਨੁੱਖ ਨੂੰ ਕੇਂਦਰ ਵਿਚ ਰੱਖ ਕੇ ਉਸ ਵਾਸਤੇ ਸਮਾਜ ਉਸਾਰੀ ਦੀ ਧਾਰਨਾ ਵਿਕਸਿਤ ਕੀਤੀ ਅਤੇ ਆਪਣੇ ਸੁੱਖ ਆਰਾਮ ਛੱਡ ਕੇ ਇਸ ਕਾਰਜ ਲਈ ਸਮਰਪਿਤ ਹੋ ਗਿਆ। ਹਾਲਾਂਕਿ ਇਤਿਹਾਸ ਦੇ ਵੱਖ ਵੱਖ ਪੜਾਵਾਂ ’ਤੇ ਵਿਸ਼ੇਸ਼ ਕਰਕੇ 19ਵੀਂ ਸਦੀ ਵਿਚ ਜਦੋਂ ਪੂੰਜੀ ਅਜੇ ਆਪਣੀ ਮੁਢਲੀ ਵਿਕਸਿਤ ਪ੍ਰਕਿਰਿਆ ਵਿਚ ਸੀ ਉਸ ਦੇ ਅੰਦਰ ਵਿਕਸਿਤ ਹੋਣ ਵਾਲੇ ਇਨਸਾਨ ਦੀ ਸਥਿਤੀ ਅਤੇ ਉਸ ਨੂੰ ਤਬਦੀਲ ਕਰਨ ਦਾ ਵਿਚਾਰ ਕਾਰਲ ਮਾਰਕਸ ਨੇ ਦਾਸ ਕੈਪੀਟਲ ਵਿਚ ਬਾਖੂਬੀ ਨਾਲ ਅੰਕਿਤ ਕੀਤਾ। ਪੈਰਿਸ ਕਮਿਊਨ ਨੇ ਇਕ ਨਵਾਂ ਤਜਰਬਾ ਤੇ ਸੁਪਨਾ ਲੋਕਾਂ ਦੇ ਸਾਹਮਣੇ ਸਿਰਜਿਆ। 20ਵੀਂ ਸਦੀ ਦੇ ਮੁਢਲੇ ਵਰ੍ਹਿਆਂ ’ਚ ਲੈਨਿਨ ਨੇ ਸੋਵੀਅਤ ਕਿਸਮ ਦਾ ਐਸਾ ਸਮਾਜ ਉਸਾਰਨ ਦਾ ਸੁਪਨਾ ਹੀ ਨਹੀਂ ਲਿਆ ਬਲਕਿ ਉਸ ਨੂੰ ਹਕੀਕਤ ਵਿਚ ਵੀ ਬਦਲ ਦਿੱਤਾ। ਇਸੇ ਤਰ੍ਹਾਂ ਬਹੁਤ ਹੀ ਪਛੜਿਆ ਮੁਲਕ ਚੀਨ ਵੀ ਇਕ ਨਵੇਂ ਰਸਤੇ ਵਲ ਤੁਰ ਪਿਆ। ਇਸੇ ਤਰ੍ਹਾਂ ਇਨ੍ਹਾਂ ਲੜੀਆਂ ਨੇ ਕਿਊਬਾ, ਵੀਅਤਨਾਮ ਦੀ ਜੰਗ ਅਤੇ ਹੁਣ ਲਾਤੀਨੀ ਅਮਰੀਕਾ ਦੇ ਦੇਸ਼ ਨਵਾਂ ਸਮਾਜ ਸਿਰਜਣ ਵੱਲ ਆਪਣੀਆਂ ਰਾਜਨੀਤਕ ਸਤਾਵਾਂ ਉਪਰ ਕਾਬਜ ਹੋ ਚੁੱਕੇ ਹਨ। ਇਨ੍ਹਾਂ ਰਾਜਨੀਤਕ ਪ੍ਰਕਿਰਿਆਵਾਂ ਵਿਚ ਅਜੇ ਅਮਰੀਕਨ, ਕੈਨੇਡੀਅਨ, ਭਾਰਤੀ ਆਦਿ ਨੇ ਨਵਾਂ ਰੁਖ ਅਖ਼ਤਿਆਰ ਕਰਨਾ ਹੈ। ਹਾਲਾਂਕਿ ਪੂੰਜੀ ਦੇ ਸਤਾਏ ਲੋਕ ਆਪਣੇ ਸਿਸਟਮਾਂ ਤੋਂ ਤੰਗ ਆ ਚੁੱਕੇ ਹਨ ਅਤੇ ਲਗਾਤਾਰ ਕਿਸੇ ਨਾ ਕਿਸੇ ਰੂਪ ਵਿਚ ਚਾਹੇ ਉਹ ਵਾਲ ਸਟਰੀਟ ਹੈ ਚਾਹੇ ਉਹ ਇਰਾਕ ਦੇ ਖਿਲਾਫ਼ ਜੰਗ ਦਾ ਸਵਾਲ ਹੈ, ਚਾਹੇ ਉਹ ਮਿਲੀਆਂ ਸਹੂਲਤਾਂ ਨੂੰ ਬਰਕਰਾਰ ਰੱਖਣ ਦਾ ਸਵਾਲ ਹੈ ਇਨ੍ਹਾਂ ਸਵਾਲ ਦਰ ਸਵਾਲ ਮਸਲਿਆਂ ਵਿਚ ਕਈ ਵਾਰੀ ਸਾਨੂੰ ਇਤਿਹਾਸ ਦੇ ਪਾਤਰਾਂ ਨੂੰ ਮੁੜ ਵਾਚਨਾ ਅਤੇ ਦੇਖਣਾ ਪੈਂਦਾ ਹੈ ਕਿ ਉਨ੍ਹਾਂ ਨੇ ਕਿਸ ਕਿਸਮ ਦੇ ਰਾਜਨੀਤਕ ਬਿੰਬ ਉਸਾਰੇ ਸੀ। ਇਸ ਸਮੁੱਚੀ ਪ੍ਰਕਿਰਿਆ ’ਚ ਪੰਜਾਬੀਆਂ ਲਈ ਭਗਤ ਸਿੰਘ ਦਾ ਨਾਂ ਦੁਨੀਆ ਦੇ ਪੈਮਾਨੇ ’ਤੇ ਇਕ ਅਜਿਹੀ ਰਾਜਨੀਤਕ ਸਭਿਆਚਾਰਕ ਅਤੇ ਕ੍ਰਾਂਤੀਕਾਰੀ ਸਪਿਰਟ ਪ੍ਰਦਾਨ ਕਰਦਾ ਹੈ ਜਿਸ ਨੇ ਛੋਟੀ ਉਮਰ ਦੌਰਾਨ ਹੀ ਕਈ ਕਿਸਮ ਦੇ ਵਿਚਾਰਧਾਰਕ ਮਸਲਿਆਂ ਨੂੰ ਜਿਨ੍ਹਾਂ ਵਿਚ ਧਾਰਮਿਕ ਵਿਤਰਕੇ ਤੇ ਵੰਡੀਆਂ ਅਤੇ ਉਨ੍ਹਾਂ ਦਾ ਸੱਤਾ ਨਾਲ ਸਵਾਲ, ਵੱਡੀ ਤਬਦੀਲੀ ਤੋਂ ਬਿਨਾਂ ਰਾਜਨੀਤਕ ਸੁਧਾਰਾਂ ਅਤੇ ਸੋਧਾਂ ਦਾ ਸਵਾਲ, ਇਕ ਬਦਲਵੇਂ ਰਾਜਨੀਤਕ ਪ੍ਰਬੰਧ ਦਾ ਬੁਨਿਆਦੀ ਸਵਾਲ ਆਦਿ ਨੂੰ ਨਜਿੱਠਣ ਲਈ ਆਪਣੀ ਬੌਧਿਕ ਸ਼ਕਤੀ ਇਸਤੇਮਾਲ ਕਰਨ ਦਾ ਕਾਰਜ ਕੀਤਾ। ਇਸ ਪ੍ਰਕਿਰਿਆ ਨੂੰ ਅੱਜ ਦੇ ਸਮਿਆਂ ਵਿਚ ਮੁੜ ਭਗਤ ਸਿੰਘ ਵਾਂਗ ਸੋਚਣ ਵਾਲੇ ਢੰਗ ਨੂੰ ਮੁੜ ਵਿਕਸਿਤ ਕਰਕੇ ਹੀ ਕੋਈ ਰਸਤਾ ਕੱਢਿਆ ਜਾ ਸਕਦਾ ਹੈ। ਸਾਡੀ ਅਜੇ ਵੀ ਤਰਾਸਦੀ ਇਹ ਹੈ ਕਿ ਅਸੀਂ ਭਗਤ ਸਿੰਘ ਦੇ ਸੋਚਣ ਢੰਗ ਨੂੰ ਆਧੁਨਿਕ ਸਮਿਆਂ ਦੀਆਂ ਚੁਣੌਤੀਆਂ ਦੇ ਪ੍ਰਸੰਗ ਵਿਚ ਵਿਕਸਿਤ ਕਰਨ ਤੋਂ ਕਾਫ਼ੀ ਪਛੜੇ ਹੋਏ ਹਾਂ। ਅਸੀਂ ਉਨ੍ਹਾਂ ਵਰਗੀ ਰਾਜਨੀਤਕ ਸਪਿਰਟ ਅਤੇ ਸੋਝੀ ਨਾਲ ਲੈਸ ਹੋਣ ਤੋਂ ਕਾਫ਼ੀ ਦੂਰ ਰੁਕੇ ਹੋਏ ਹਾਂ। ਅਸੀਂ ਤਾਂ ਅਜੇ ਸ਼ਰਧਾ ਅਤੇ ਸ਼ਰਧਾਂਜਲੀਆਂ ਤੱਕ ਦੀ ਪ੍ਰਕਿਰਿਆ ਅਤੇ ਉਸ ਦੇ ਕਾਰਨਾਮਿਆਂ ਰਾਹੀਂ ਹੀ ਆਪਣੇ ਆਪ ਨੂੰ ਇਤਿਹਾਸ ਦੇ ਪੰਨਿਆਂ ’ਤੇ ਦਰਜ ਕਰਵਾ ਰਹੇ ਹਾਂ। ਇਸ ਦਿਸ਼ਾ ਨੂੰ ਬਦਲ ਕੇ ਇਕ ਨਵੀਂ ਸੋਚ ਭਗਤ ਸਿੰਘ ਦੀ ਸੋਚ ਰਾਹੀਂ ਵਿਕਸਿਤ ਕਰਨੀ ਚਾਹੀਦੀ ਹੈ।

# ਰਾਜਨੀਤੀ ਦੇ ਸਰੋਕਾਰਾਂ ਤੋਂ ਦੂਰ ਦਾ ਮਸਲਾ

ਲੋਕ ਮੁਢ ਕਦੀਮ ਤੋਂ ਹੀ ਵੱਖ ਵੱਖ ਢੰਗਾਂ ਨਾਲ ਆਪਣੇ ਸੰਘਰਸ਼ ਕਰਦੇ ਆਏ ਹਨ। ਜਦੋਂ ਵੀ ਸਮੇਂ ਦੀਆਂ ਹਕੂਮਤਾਂ ਵਲੋਂ ਸਥਾਪਤ ਕੀਤੇ ਪ੍ਰਬੰਧਾਂ ਵਿਚ ਉਨ੍ਹਾਂ ਨੂੰ ਕੋਈ ਦਿੱਕਤ ਹੁੰਦੀ ਹੈ ਉਹ ਸੰਘਰਸ਼ ਕਰਦੇ ਹਨ ਅਤੇ ਕੁਝ ਨਾ ਕੁਝ ਰਿਆਇਤਾਂ ਦੇਣ ਲਈ ਸਰਕਾਰਾਂ ਝੁਕ ਜਾਂਦੀਆਂ ਹਨ ਅਤੇ ਇਹ ਸੰਘਰਸ਼ ਕੁਝ ਦੇਰ ਰੁਕਦੇ ਨੇ ਅਤੇ ਫਿਰ ਕੁਝ ਸਮੱਸਿਆਵਾਂ ਆਉਣ ’ਤੇ ਫੇਰ ਸ਼ੁਰੂ ਹੋ ਜਾਂਦੇ ਹਨ। ਇਸ ਕਿਸਮ ਦਾ ਵਰਤਾਰਾ ਦੁਨੀਆ ਦੇ ਹਰੇਕ ਕੋਨੇ ’ਤੇ ਦੇਖਿਆ ਜਾ ਰਿਹਾ ਹੈ ਅਤੇ ਵਾਪਰ ਰਿਹਾ ਹੈ। ਇਹ ਸੰਘਰਸ਼ ਪਿਛਲੇ ਸਮੇਂ ਵਿਚ ਜੇ ਦੇਖਣਾ ਹੋਵੇ ਤਾਂ ਪੰਜਾਬ ਵਿਚ ਕਈ ਰੂਪਾਂ ਵਿਚ ਵਿਕਸਿਤ ਹੋਏ ਅਧਿਆਪਕਾਂ ਨੇ ਆਪਣੇ ਰਿਜਕ ਲਈ ਸੰਘਰਸ਼ ਕੀਤੇ, ਕਿਸਾਨਾਂ ਨੇ ਆਪਣੇ ਕਰਜ਼ਿਆਂ ਦੇ ਮਸਲਿਆਂ ’ਤੇ ਸੰਘਰਸ਼ ਕੀਤੇ। ਫੈਕਟਰੀਆਂ ਵਿਚ ਕੰਮ ਕਰਦੇ ਮਜ਼ਦੂਰਾਂ ਨੇ ਸੰਘਰਸ਼ ਕੀਤੇ ਅਤੇ ਕੋਈ ਵੀ ਪੰਜਾਬ ਦਾ ਅਜਿਹਾ ਵਰਗ ਨਹੀਂ ਹੋਵੇਗਾ ਜਿਹੜਾ ਪਿਛਲੇ ਪੰਜ ਸਾਲਾਂ ਤੋਂ ਸੰਘਰਸ਼ ਨਾ ਉਤਰਿਆ ਹੋਵੇ। ਹਰ ਕਿਸਮ ਦੀ ਤਾਕਤ ਉਨ੍ਹਾਂ ਖਿਲਾਫ਼ ਇਸਤੇਮਾਲ ਹੋਈ। ਹਰ ਕਿਸਮ ਦੀ ਕੁਰਬਾਨੀ ਇਨ੍ਹਾਂ ਤਬਕਿਆਂ ਨੇ ਦਿੱਤੀ ਪਰ ਸਥਿਤੀ ਦਾ ਕਿਹੜਾ ਅਜਿਹਾ ਰਾਜਨੀਤਕ ਪਹਿਲੂ ਇਨ੍ਹਾਂ ਸੰਘਰਸ਼ਾਂ ਵਿਚੋਂ ਗਾਇਬ ਸੀ ਜਾਂ ਅਣਗੌਲਿਆ ਸੀ ਜਾਂ ਸਮਝਦਾਰੀ ਤੋਂ ਕੋਹਾਂ ਦੂਰ ਸੀ ਕਿ ਵੱਡੀ ਗਿਣਤੀ ਵਿਚ ਲੋਕਾਂ ਨੇ ਮੁੜ ਆਪਣੇ ਉਪਰ ਉਹੀ ਹੁਕਮਰਾਨ ਦੁਬਾਰਾ ਵਾਪਸ ਰਾਜ ਕਰਨ ਲਈ ਸੱਤਾ ’ਤੇ ਬਿਰਾਜਮਾਨ ਕਰ ਦਿੱਤਾ। ਜਿਸ ਦੀ ਤਾਜ਼ਾ ਸਬੂਤ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ.ਪੀ. ਦੀ ਸਰਕਾਰ ਦਾ ਬਹੁਗਿਣਤੀ ਪ੍ਰਾਪਤ ਕਰਕੇ ਸੱਤਾ ਵਿਚ ਆ ਜਾਣਾ ਹੈ। ਇਸ ਦੇ ਖਿਲਾਫ਼ ਸੱਤਾ ਦੇ ਸੰਘਰਸ਼ ਦੇ ਕਬਜ਼ੇ ਲਈ ਜਾਨ ਹੂਲ ਰਹੀ ਕਾਂਗਰਸ ਅਜਿਹੀ ਨਿਢਾਲ ਕਰਕੇ ਹੇਠਾਂ ਡਿੱਗ ਪਈ ਹੈ ਕਿ ਸੱਤਾ ’ਤੇ ਕਾਬਜ਼ ਹੋਣ ਤੋਂ ਰਹਿਣ ਕਰਕੇ ਇਕ ਦੂਸਰੇ ’ਤੇ ਦੂਸ਼ਣਬਾਜ਼ੀ ਇਸ ਹੱਦ ਤੱਕ ਲਗਾਉਣੀ ਸ਼ੁਰੂ ਕਰ ਦਿੱਤੀ ਹੈ ਕਿ ਅਸੀਂ ਆਪਣੀਆਂ ਪਾਰਟੀਆਂ ਦੀਆਂ ਗਲਤੀਆਂ ਅਤੇ ਲੋਕਾਂ ਨੂੰ ਸਹੀ ਢੰਗ ਨਾਲ ਲੁਭਾਉਣੇ ਨਾਅਰਿਆਂ ਅਤੇ ਲਾਰਿਆਂ ਤੋਂ ਕਿਸ ਤਰ੍ਹਾਂ ਪਰ੍ਹੇ ਰਹੇ ਹਾਂ ਜਿਸ ਕਰਕੇ ਅਸੀਂ ਸੱਤਾ ’ਤੇ ਕਾਬਜ਼ ਨਹੀਂ ਹੋ ਸਕੇ। ਹਾਲਾਂਕਿ ਡੇਰਿਆਂ ਦੀ ਤਾਕਤ ਨੂੰ ਇਸਤੇਮਾਲ ਕਰਨ ਲਈ ਵੀ ਪੂਰਾ ਵਾਹ ਲਾਇਆ। ਦੋਵੇਂ ਵੱਡੀਆਂ ਪਾਰਟੀਆਂ ਜਿਹੜੀਆਂ ਕਿ 60 ਸਾਲਾਂ ਤੋਂ ਬਦਲੋ-ਬਦਲੀ ਰਾਜ ਸੱਤਾ ’ਤੇ ਕਾਬਜ਼ ਹੋ ਰਹੀਆਂ ਸਨ ਉਨ੍ਹਾਂ ਵਿਚੋਂ ਉਹ ਪਾਰਟੀ ਸੱਤਾ ’ਤੇ ਕਾਬਜ਼ ਹੋ ਗਈ ਹੈ ਜਿਸ ਦਾ ਪਹਿਲਾ ਤਜਰਬਾ ਕਦੇ ਵੀ ਪੰਜ ਸਾਲ ਪੂਰੇ ਕਰਨ ਦਾ ਨਹੀਂ ਰਿਹਾ। ਉਨ੍ਹਾਂ ਪੂਰੇ ਪੰਜ ਸਾਲ ਕਰਕੇ ਵੀ ਦਿਖਾ ਦਿੱਤੇ ਅਤੇ ਅਗਾਂਹ ਪੰਜ ਸਾਲਾਂ ਲਈ ਮੁੜ ਸੱਤਾ ’ਤੇ ਕਾਬਜ਼ ਹੋ ਗਏ। ਇਨ੍ਹਾਂ ਹੁਕਮਰਾਨ ਪਾਰਟੀਆਂ ਦੇ ਦੁਆਲੇ ਚਲਦੀ ਰਾਜਨੀਤੀ ਨੂੰ ਉਲਟ ਗੇੜਾ ਦੇਣ ਦਾ ਸੁਪਨਾ ਲੈ ਕੇ ਨਿਕਲੇ ਮਨਪ੍ਰੀਤ ਬਾਦਲ ਵੀ ਸ਼ਾਇਦ ਹੁਣ ਇਕ ਨਵੇਂ ਚੱਕਰਾਂ ਵਿਚ ਉਲਝੇ ਹੋਏ ਹਨ। ਹਾਲਾਂਕਿ ਉਨ੍ਹਾਂ ਨੇ ਖੜਕੜ ਕਲਾਂ ਦੀ ਧਰਤੀ ਤੋਂ ਮਿੱਟੀ ਦੀ ਸਹੁੰ ਖਾ ਕੇ ਪੰਜਾਬੀਆਂ ਨੂੰ ਵੰਗਾਰਿਆ ਸੀ ਕਿ ਉਹ ਅਸਲ ਵਾਰਸ ਭਗਤ ਸਿੰਘ ਦਾ। ਉਹ ਉਸ ਦਾ ਸੁਪਨਾ ਸਾਕਾਰ ਕਰਨਾ ਚਾਹੁੰਦਾ ਹੈ। ਉਸ ਦੇ ਇਸ ਕਿਸਮ ਦੇ ਭਾਵੁਕ ਤੇ ਜਜ਼ਬਾਤੀ ਵਿਚਾਰਾਂ ਨੂੰ ਪੰਜਾਬ ਦੀ ਪੜ੍ਹੀ ਲਿਖੀ ਮਦ ਵਰਗ ਜਮਾਤ ਨੇ ਬੜਾ ਵੱਡਾ ਹੁਲਾਰਾ ਦਿੱਤਾ। ਦੇਸ਼ਾਂ-ਵਿਦੇਸ਼ਾਂ ਤੋਂ ਬੈਠੇ ਤਬਦੀਲੀ ਦੇ ਨਵੇਂ ਨਵੇਂ ਕਰਿੰਦਿਆਂ ਨੇ ਵੀ ਸੋਚਿਆ ਕਿ ਬਲਵੰਤ ਰਾਮੂਵਾਲੀਆ ਤਾਂ ਮੁੜ ਆਪਣੇ ਵਾਪਸ ਘਰ ਪਰਤ ਗਿਆ ਹੈ ਤੇ ਜੱਸੀ ਖਗੂੜਾ ਪਹਿਲਾਂ ਹੀ ਕਾਂਗਰਸ ਦੀ ਛੱਤਰ ਛਾਇਆ ਹੇਠ ਹੈ। ਕਿਸੇ ਨਾ ਕਿਸੇ ਰੂਪ ਵਿਚ ਦੇਸ਼ਾਂ ਵਿਦੇਸ਼ਾਂ ਵਿਚ ਬੈਠੇ ਹਿੱਸੇ ਜਿਹੜੇ ਪੰਜਾਬ ਦੀ ਰਾਜਨੀਤੀ ਨੂੰ ਸਥਾਪਤ ਰਾਜਨੀਤੀ ਦੇ ਪ੍ਰਸੰਗਾਂ ਵਿਚ ਹੀ ਇਧਰ ਉਧਰ ਹੁਲਾਣਾ ਚਾਹੁੰਦੇ ਹਨ ਉਹ ਕਿਸੇ ਨਾ ਕਿਸੇ ਰੂਪ ਵਿਚ ਨਵੀਂ ਉਭਰਦੀ ਧਿਰ ਜਿਹੜੀ ਕਿ ਲੰਬਾ ਸਮਾਂ ਬਲਵੰਤ ਰਾਮੂਵਾਲੀਆ ਦੇ ਬੈਨਰ ਹੇਠ ਲੋਕ ਭਲਾਈ ਪਾਰਟੀ ਦੇ ਤੌਰ ’ਤੇ ਉਸਰੀ ਸੀ ਉਸ ਦਾ ਅੰਗ ਸੰਗ ਬਣੇ ਅਤੇ ਹੁਣ ਮਨਪ੍ਰੀਤ ਬਦਲ ਦੀ ਪੰਜਾਬ ਪੀਪਲਜ਼ ਪਾਰਟੀ ਦਾ ਹਿੱਸਾ ਬਣੇ ਅਤੇ ਦੇਰ ਸਵੇਰ ਚਲੀਆਂ ਗਰਮ ਹਵਾਵਾਂ ਜਿਨ੍ਹਾਂ ਨੇ ਮੁੜ ਧਾਰਮਿਕ ਸੁਰਜੀਤੀ ਵਾਲੇ ਰਾਜ ਸਥਾਪਤ ਕਰਨ ਦੀ ਵਕਾਲਤ ਕੀਤੀ ਅਤੇ ਕਰ ਰਹੀਆਂ ਹਨ ਉਨ੍ਹਾਂ ਦਾ ਹਿੱਸਾ ਬਣੇ। ਇਸ ਤਰ੍ਹਾਂ ਨਾਲ ਇਹ ਸਵਾਲ ਬੜੇ ਵੱਡੇ ਪੱਧਰ ’ਤੇ ਮਹੱਤਵਪੂਰਨ ਰੂਪ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ ਕਿ

ਨਵੀਂ ਆਲੋਚਨਾ ਦਾ ਵੱਡਾ ਲਾਭ ਇਹ ਹੁੰਦਾ ਹੈ ਕਿ ਸਾਨੂੰ ਨਵੀਂ ਦੁਨੀਆ ਦੀ ਅਤਿ ਪ੍ਰਾਚੀਨ ਕਲਪਨਾ ਧਾਰਮਿਕ ਰੂੜੀਆਂ ਦੇ ਰੂਪ ਵਿਚ ਨਹੀਂ ਕਰਨੀ, ਚੰਗਾ ਹੁੰਦਾ ਹੈ ਕਿ ਇਸ ਨੂੰ ਪੁਰਾਣੀ ਦੁਨੀਆ ਦੀ ਆਲੋਚਨਾ ਵਿਚ ਖੋਜਣਾ ਪੈਂਦਾ ਹੈ। ਤੱਤ ਰੂਪ ਵਿਚ ਭਵਿੱਖ ਦਾ ਨਿਰਮਾਣ ਕਰਨਾ ਅਤੇ ਸਾਰੀਆਂ ਸਮੱਸਿਆਵਾਂ ਦਾ ਸਦਾ ਲਈ ਹੱਲ ਕਰਨਾ ਸਾਡਾ ਕੰਮ ਨਹੀਂ ਸਾਡਾ ਕੰਮ ਜੋ ਮੌਜੂਦ ਹੈ ਉਸ ਦੀ ਕਠੋਰ ਆਲੋਚਨਾ ਕਰਨਾ। ਕਠੋਰ ਇਸ ਅਰਥ ਵਿਚ ਕਿ ਆਲੋਚਨਾ ਨਾ ਤਾਂ ਆਪਣੇ ਕੱਢੇ ਹੋਏ ਨਤੀਜਿਆਂ ਨੂੰ ਹੀ ਸੰਘੇੜਦੀ ਹੋਵੇ ਅਤੇ ਨਾ ਹੀ ਸੱਤਾ ਪ੍ਰਾਪਤ ਵਰਗ ਨੂੰ ਆਲੋਚਨਾ ਦੀ ਮਾਰ ਹੇਠੋਂ ਪਿਛੇ ਹਟਾਉਂਦੀ ਹੋਵੇ।

– ਕਾਰਲ ਮਾਰਕਸ

ਆਪਣੀ ਕਿਰਤ ਨੂੰ ਵੇਚ ਕੇ ਆਪਣਾ ਜੀਵਨ ਬਸਰ ਕਰ ਰਹੇ ਦੇਸ਼ਾਂ ਵਿਦੇਸ਼ਾਂ ਦੇ ਪੰਜਾਬੀ ਵਸਨੀਕ ਆਪਣੇ ਦੇਸ਼ਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਵਿਚ ਚਲ ਰਹੇ ਜਮਾਤੀ ਸੰਘਰਸ਼ਾਂ ਦਾ ਹਿੱਸਾ ਕਿਉਂ ਨਹੀਂ ਬਣਦੇ। ਇਹ ਚਾਹੇ ਵਾਲ ਸਟਰੀਟ ਦਾ ਸੰਘਰਸ਼ ਹੋਵੇ, ਚਾਹੇ ਇਰਾਕ ਦੀ ਜੰਗ ਦਾ ਸਵਾਲ ਹੋਵੇ, ਚਾਹੇ ਇਹ ਅਤਿਵਾਦ ਨੂੰ ਕੁਚਲਣ ਦੇ ਨਾਂ 'ਤੇ ਸਰਕਾਰਾਂ ਵਲੋਂ ਮਿਲਟਰੀ ਅਤੇ ਪੈਰਾ ਮਿਲਟਰੀ ਤਾਕਤਾਂ ਨੂੰ ਮਜ਼ਬੂਤ ਕਰਨ ਦਾ ਸਵਾਲ ਹੋਵੇ ਜਿਨ੍ਹਾਂ ਨਾਲ ਲੋਕਾਂ ਦੇ ਜੀਵਨ 'ਤੇ ਸਿੱਧਾ ਅਸਰ ਪੈਂਦਾ ਹੈ। ਇਨ੍ਹਾਂ ਸੰਘਰਸ਼ਾਂ ਰਾਹੀਂ ਜਮਾਤੀ ਚੇਤਨਤਾ ਲੈਸ ਕਰਕੇ ਆਪਣੇ ਆਪ ਨੂੰ ਵੱਖ-ਵੱਖ ਮੁਲਕਾਂ ਦੇ ਜਮਾਤੀ ਸੰਘਰਸ਼ਾਂ ਦਾ ਹਿੱਸਾ ਬਣਾਉਣ ਦੀ ਥਾਂ ਹੁਕਮਰਾਨਾਂ ਦੀਆਂ ਤਬਦੀਲੀਆਂ ਅਤੇ ਉਨ੍ਹਾਂ ਦੇ ਹਿੱਸਿਆਂ ਦਾ ਹੀ ਹਿੱਸਾ ਬਣਨ ਵਿਚ ਆਪਣਾ ਵੱਡਾਪਣ ਮਹਿਸੂਸ ਕਰਦੇ ਹਨ। ਇਸ ਨਾਲ ਤੱਤ ਰੂਪ ਵਿਚ ਸਮੇਂ ਦੀਆਂ ਸਥਾਪਤ ਤਾਕਤਾਂ ਹੀ ਮਜ਼ਬੂਤ ਹੁੰਦੀਆਂ ਹਨ ਜਿਹੜੀਆਂ ਕਿ ਪਿਛਲੇ ਸਮਿਆਂ ਵਿਚ ਇਨ੍ਹਾਂ ਕੀਤੀਆਂ ਮਦਦਾਂ ਤੇ ਕਾਰਵਾਈਆਂ ਨਾਲ ਹੋਈਆਂ ਹਨ। ਇਸ ਦੀ ਤਾਜ਼ਾ ਉਦਾਹਰਣ ਮਨਪ੍ਰੀਤ ਬਾਦਲ ਨੂੰ ਜਿਸ ਕਿਸਮ ਨਾਲ ਜਜ਼ਬਾਤੀ ਪੱਧਰ 'ਤੇ ਅਤੇ ਇਕ ਹਵਾ 'ਚ ਲਟਕਦੇ ਨਵੇਂ ਸੁਪਨੇ ਦੇ ਤੌਰ 'ਤੇ ਬਿਨਾਂ ਕਿਸੇ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤੀ ਮਾਡਲ ਦੇ ਤੌਰ 'ਤੇ ਦਿੱਤਿਆਂ ਹੀ ਉਸ ਦੀ ਹਵਾ ਵਿਚ ਬੈਠ ਗਏ, ਹਾਲਾਂਕਿ ਉਸ ਦਾ ਪੂੰਜੀਵਾਦੀ ਤੇ ਕਾਰਪੋਰੇਟ ਸੈਕਟਰ ਪ੍ਰਤੀ ਨਜ਼ਰੀਆ ਵੀ ਉਸ ਕਿਸਮ ਦਾ ਸੀ ਜੋ ਦੋਵਾਂ ਪ੍ਰਮੁੱਖ ਪਾਰਟੀਆਂ ਦਾ ਸੀ। ਇਸ ਕਿਸਮ ਦੀ ਸਥਿਤੀ ਦਾ ਜਦੋਂ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਇਹ ਗੱਲ ਉਭਰਕੇ ਸਾਹਮਣੇ ਆਉਂਦੀ ਹੈ ਕਿ ਅਜੇ ਵੀ ਅਸੀਂ ਆਪਣੀ ਵਿਚਾਰਧਾਰਕ ਸੋਚ ਤੋਂ ਕੋਹਾਂ ਦੂਰ ਹਾਂ। ਸਾਨੂੰ ਅਜੇ ਵੀ ਪੂੰਜੀ ਦੇ ਚਲਣ ਢੰਗ ਅਤੇ ਉਸ ਦੀ ਰਾਜਨੀਤੀ ਦੇ ਵਲਫੇਰ ਬਾਰੇ ਬਹੁਤਾ ਕੁਝ ਨਹੀਂ ਪਤਾ। ਜਿੰਨਾ ਵੀ ਕੋਈ ਆਦਰਸ਼ਵਾਦੀ ਇਨਸਾਨ ਹੋਵੇ ਉਹ ਕੁਝ ਸਮੇਂ ਲਈ ਉਸੇ ਪ੍ਰਬੰਧ ਨੂੰ ਤਾਂ ਠੀਕ ਢੰਗ ਨਾਲ ਕੁਝ ਦੇਰ ਹੋਰ ਚਲਾ ਸਕਦਾ ਹੈ ਪ੍ਰੰਤੂ ਜਿਸ ਕਿਸਮ ਦਾ ਜਮਾਤੀ ਸਮਾਜ ਉਸਰਿਆ ਹੁੰਦਾ ਹੈ ਉਹ ਉਸੇ ਤਰ੍ਹਾਂ ਈ ਬਰਕਰਾਰ ਰਹਿੰਦਾ ਹੈ। ਪੰਜਾਬ ਵਿਚ ਚੋਣਾਂ ਦੌਰਾਨ ਕਿਸੇ ਵੀ ਅਜਿਹੀ ਖੱਬੇ ਪੱਖੀ ਧਿਰ ਨੇ ਜਾਂ ਉਸ ਨਾਲ ਸਬੰਧਤ ਵੱਖ ਵੱਖ ਵਿਦਵਾਨਾਂ ਤੇ ਜਥੇਬੰਦੀਆਂ ਨੇ ਬਹਿਸ ਨਹੀਂ ਛੇੜੀ ਕਿ ਕਿਸੇ ਨਾ ਕਿਸੇ ਰੂਪ ਵਿਚ ਕਿਸ ਕਿਸਮ ਦੀ ਪੰਜਾਬ ਦੀ ਆਰਥਿਕਤਾ ਹੋਵੇ ਕਿਸ ਕਿਸਮ ਦੀ ਯੋਜਨਾਬੰਦੀ ਹੋਵੇ, ਕਿਸ ਕਿਸਮ ਦਾ ਰਾਜਨੀਤਕ ਪ੍ਰਬੰਧ ਹੋਵੇ ਜਿਸ ਵਿਚ ਲੋਕਾਂ ਨੂੰ ਸ਼ਾਨਦਾਰ ਸਹੂਲਤਾਂ ਜਿਸ ਵਿਚ ਉਨ੍ਹਾਂ ਦੀ ਆਰਥਿਕਤਾ, ਉਨ੍ਹਾਂ ਦੀ ਵਿਦਿਆ, ਉਨ੍ਹਾਂ ਦੀਆਂ ਸਿਹਤ ਸਹੂਲਤਾਂ ਸਹੀ ਢੰਗ ਨਾਲ ਸਥਾਪਤ ਹੋ ਸਕਣ। ਇਨ੍ਹਾਂ ਸਵਾਲਾਂ ਨੂੰ ਕਿਸੇ ਵੀ ਪੱਖ ਤੋਂ ਰਾਜਨੀਤਕ ਬਹਿਸ ਵਿਚਾਰ ਵਿਚ ਕੇਂਦਰਤ ਨਹੀਂ ਕੀਤਾ ਗਿਆ। ਬਲਕਿ ਸਮੁੱਚੀ ਬਹਿਸ ਸਿਰਫ਼ ਤੇ ਸਿਰਫ਼ ਜਿੱਤ ਹਾਰ ਤੱਕ ਹੀ ਸੀਮਤ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਦੋ ਸਥਾਪਤ ਧਿਰਾਂ ਵਿਚੋਂ ਇਕ ਧਿਰ ਨੂੰ ਮੁੜ ਲੋਕਾਂ ਨੇ ਚੁਣ ਲਿਆ ਅਤੇ ਹਕੀਕੀ ਰੂਪ ਵਿਚ ਆਪਣੇ ਉਪਰ ਪੁਰਾਣਾ ਮੰਡੀ ਦਾ ਰਾਜ ਜਿਸ ਨੂੰ ਵਿਕਾਸ ਦਾ ਆਧੁਨਿਕ ਮਾਡਲ ਕਿਹਾ ਜਾਂਦਾ ਹੈ ਜਿਸ ਵਿਚ ਸਮੁੱਚੀ ਆਰਥਿਕਤਾ ਕਾਰਪੋਰੇਟ ਘਰਾਣਿਆਂ 'ਤੇ ਨਿਰਭਰ ਹੁੰਦੀ ਹੈ ਅਤੇ ਉਨ੍ਹਾਂ ਉਪਰ ਹੀ ਚਲਦੀ ਹੈ।

ਇਨ੍ਹਾਂ ਕਾਰਪੋਰੇਟ ਘਰਾਣਿਆਂ ਦੀ ਸਥਾਪਤੀ ਅਜੋਕੀ ਦੁਨੀਆ ਵਿਚ ਜਿਸ ਢੰਗ ਨਾਲ ਸਥਾਪਤ ਹੋਈ ਹੈ ਉਹ ਢੰਗ ਪੰਜਾਬ ਵਿਚ ਵੀ ਚਲ ਰਿਹਾ ਹੈ। ਅਜਿਹੀ ਸਥਿਤੀ ਵਿਚ ਇਕ ਬਦਲਵਾਂ ਵਿਚਾਰ ਜਿਹੜਾ ਕਿਸੇ ਨਾ ਕਿਸੇ ਰੂਪ ਵਿਚ ਪੁਰਾਣੇ ਤਜਰਬਿਆਂ ਵਿਚੋਂ ਉਭਰਿਆ ਸੀ ਅਤੇ ਜਿਨ੍ਹਾਂ ਨੇ ਦੁਨੀਆ ਨੂੰ ਨਵਾਂ ਰਸਤਾ ਦਿਖਾਇਆ ਸੀ ਉਹ ਵਿਚਾਰ ਸ਼ਾਇਦ ਪੰਜਾਬ ਵਿਚ ਅਜੇ ਉਪਜਣਾ ਕੋਹਾਂ ਦੂਰ ਜਾਪਦਾ ਹੈ। ਹਾਲਾਂਕਿ ਦੁਨੀਆ ਦੇ ਪੈਮਾਨੇ 'ਤੇ ਬਹੁਤ ਹੀ ਪਛੜੇ ਮੁਲਕ ਆਪੋ ਆਪਣਾ ਇਤਿਹਾਸ ਸਿਰਜਣ ਲਈ ਸਿਆਸੀ ਸਵਾਲਾਂ ਨੂੰ ਸੰਬੋਧਤ ਹੋ ਰਹੇ ਹਨ ਪ੍ਰੰਤੂ ਪੰਜਾਬ ਵਿਚ ਇਹ ਬਹਿਸ ਸ਼ਾਇਦ ਅਜੇ ਸ਼ੁਰੂ ਹੋਣੀ ਬਾਕੀ ਹੈ। ਅਸੀਂ ਆਪਣੇ 'ਤੇ ਬੜਾ ਮਾਣ ਕਰਦੇ ਹਾਂ ਕਿ ਅਸੀਂ ਦੁਨੀਆ ਦੀਆਂ ਲੜਾਈਆਂ ਅਤੇ ਕੁਰਬਾਨੀਆਂ 'ਚ ਇਤਿਹਾਸ ਦੇ ਮੁਢਲੇ ਪੰਨਿਆਂ 'ਤੇ ਆਪਣਾ ਨਾਂ ਦਰਜ ਕਰਵਾ ਚੁੱਕੇ ਹਾਂ ਪ੍ਰੰਤੂ ਰਾਜਨੀਤਕ ਖੇਤਰ ਵਿਚ ਸਾਡਾ ਪਛੜੇਵਾਂਪਣ ਜਗ ਜਹਿਰ ਹੋਇਆ ਪਿਆ ਹੈ। ਇਸ ਲਕਵੇ ਤੋਂ ਖਹਿੜਾ ਛੁਡਾਉਣ ਲਈ ਸਾਨੂੰ ਭਗਤ ਸਿੰਘ ਦੀ ਉਹ ਸਮਝਦਾਰੀ ਆਪਣੀ ਸੋਚਣੀ ਦਾ ਹਿੱਸਾ ਬਣਾਉਣੀ ਚਾਹੀਦੀ ਹੈ ਜਿਹੜੀ ਉਨ੍ਹਾਂ ਨੇ ਆਪਣੇ ਰਾਜਨੀਤਕ ਪ੍ਰਕਿਰਿਆ ਦੌਰਾਨ ਬਣਾਈ ਸੀ ਕਿ ਜਦੋਂ ਸਮੱਸਿਆਵਾਂ ਅਤੇ ਵਿਚਾਰਧਾਰਕ ਧੁੰਧਲਕਿਆਂ ਦਾ ਦੌਰ ਹੋਵੇ ਤਾਂ ਉਸ ਸਮੇਂ ਵਿਚਾਰਾਂ ਦੀ ਸ਼ਾਣ ਹੋਰ ਤਿੱਖੀ ਕਰਨੀ ਪੈਂਦੀ ਹੈ। ਇਸ ਕਰਕੇ ਲੋੜ ਇਸ ਗੱਲ ਦੀ ਹੈ ਕਿ ਅਸੀਂ ਭਗਤ ਸਿੰਘ ਦੇ ਸੋਚਣ ਢੰਗਾਂ ਵਿਚੋਂ ਇਹ ਗੱਲ ਪੱਲੇ ਬੰਨ੍ਹੀਆਂ ਕਿ ਇਤਿਹਾਸ ਦੇ ਆਪਣੇ ਦੌਰ ਆਪਣੀ ਕਿਸਮ ਦੀਆਂ ਸਮੱਸਿਆਵਾਂ ਉਤਪੰਨ ਕਰਦੇ ਨੇ ਉਨ੍ਹਾਂ ਨੂੰ ਜਮਾਤੀ ਦ੍ਰਿਸ਼ਟੀਕੋਣ ਤੋਂ ਵਿਕਸਿਤ ਕਰਨ ਦੀ ਲੋੜ ਹੈ। ਹਾਲ ਦੀ ਘੜੀ ਅਸੀਂ ਰਾਜਨੀਤਕ ਪਿੜ ਵਿਚੋਂ ਗਾਇਬ ਹੋਏ ਮਹਿਸੂਸ ਕਰ ਰਹੇ ਹਾਂ

ਵਿਅਕਤੀ ਜਿਸ ਵਿਚ ਵਿਸ਼ਵਾਸ ਕਰਦਾ ਹੈ, ਉਸ ਨੂੰ ਸਮੇਂ-ਸਮੇਂ 'ਤੇ ਉਸ ਦਾ ਦੁਹਰਾਓ ਕਰਨਾ ਚਾਹੀਦਾ ਹੈ। ਉਸ ਨੂੰ ਉਸ ਦੀ ਘੋਸ਼ਣਾ ਵੀ ਕਰਨੀ ਚਾਹੀਦੀ ਹੈ ਜਿਸ ਦੇ ਨਾਲ ਉਹ ਸਹਿਮਤ ਹੈ ਅਤੇ ਜਿਸ ਦੀ ਉਹ ਆਲੋਚਨਾ ਕਰਦਾ ਹੈ। ਇਸ ਨਾਲ ਹੀ ਨਵੀਆਂ ਲਹਿਰਾਂ ਅਤੇ ਨਵੇਂ ਵਿਚਾਰਾਂ ਦਾ ਨਵਾਂ ਸੂਰਜ ਨਵੀਂ ਰੌਸ਼ਨੀ ਪ੍ਰਦਾਨ ਕਰਨ ਵੱਲ ਨੂੰ ਰਸਤਾ ਪ੍ਰਦਾਨ ਕਰਦਾ ਹੈ।

– ਗੇਟੇ

- ਐਸ.ਪੀ. ਸਿੰਘ

# ਆਓ ਰਾਜਨੀਤਕ ਸਵਾਲਾਂ ਪ੍ਰਤੀ ਗੰਭੀਰ ਹੋਈਏ



**ਜਿਸ ਕਿਸਮ ਨਾਲ ਇਸ ਦੌਰ ਵਿਚ ਚੋਣਾਂ ਦਾ ਸਿਲਸਿਲਾ ਪੰਜਾਬ ਵਿਚ ਚਲਿਆ ਹੈ ਉਸ ਨੇ ਕਈ ਕਿਸਮ ਦੇ ਸੋਚਣ ਢੰਗਾਂ 'ਤੇ ਸਵਾਲੀਆਚਿੰਨ੍ਹ ਅੰਕਿਤ ਕੀਤੇ ਹਨ। ਹਾਲਾਂਕਿ ਚੋਣਾਂ ਤੋਂ ਪਹਿਲਾਂ ਹਰੇਕ ਰਾਜਨੀਤਕ ਪਾਰਟੀ ਇੰਝ ਅਹਿਸਾਸ ਕਰਵਾਉਣ ਲੱਗਦੀ ਹੈ ਕਿ ਉਹ ਸੱਤਾ ਦੇ ਉਪਰ ਆਪਣੀ ਸਲਤਨਤ ਕਾਇਮ ਕਰੇਗੀ। ਇਸ ਕਿਸਮ ਦੇ ਵਿਚਾਰ ਰਾਜਨੀਤਕ ਗਲਿਆਰਿਆਂ ਤੋਂ ਲੈ ਕੇ ਜਨ ਸਮੂਹ ਤੱਕ ਵੱਖ ਵੱਖ ਚੈਨਲਾਂ 'ਤੇ ਅਖ਼ਬਾਰਾਂ ਰਾਹੀਂ ਪਹੁੰਚਾਏ ਜਾਂਦੇ ਹਨ। ਕਈ ਕਿਸਮ ਦੀਆਂ ਸਤਹੀ ਸੋਚਾਂ ਅਤੇ ਸਮਝਾਂ ਇਸ ਹੱਦ ਤੱਕ ਪ੍ਰਭਾਵਤ ਕਰ ਦਿੰਦੀਆਂ ਹਨ ਕਿ ਇੰਝ ਜਾਪਣ ਲਗਦਾ ਹੈ ਕਿ ਲੋਕਾਂ ਦੇ ਸਾਹਮਣੇ ਹਕੀਕਤ ਆ ਚੁੱਕੀ ਹੈ। ਪ੍ਰੰਤੂ ਇਸ ਵਾਰ ਜਿਸ ਕਿਸਮ ਨਾਲ ਪੰਜਾਬ ਦੇ ਅੰਦਰ ਦੇ ਚਲਣ ਢੰਗਾਂ ਨੂੰ ਸਮਝਣ ਤੋਂ ਹਰ ਕੋਈ ਵਿਦਵਤਾ ਦੀ ਕਲਮ ਗਲਤ ਨਤੀਜੇ 'ਤੇ ਪਹੁੰਚੀ ਹੈ ਅਤੇ ਲੋਕਾਂ ਅੰਦਰ ਇਕ ਇਸ ਕਿਸਮ ਦੀ ਬੇਵਿਸ਼ਵਾਸੀ ਉਤਪੰਨ ਹੋਈ ਕਿ ਪੰਜਾਬ ਦੇ ਅਸਲ ਮੂਲ ਤੱਤਾਂ ਨੂੰ ਅਜੇ ਵੀ ਨਹੀਂ ਪਕੜਿਆ ਗਿਆ ਕਿ ਕਿਸਮ ਦੇ ਲੋਕਾਂ ਦੇ ਰਾਜਨੀਤਕ ਚਲਣ ਢੰਗ ਨਾਲ ਅਤੇ ਕਿਸਮ ਕਿਸਮ ਨਾਲ ਉਹ ਆਪਣੇ ਅੰਦਰ ਨੂੰ ਉਜਾਗਰ ਕਰਦੇ ਹਨ। ਇਸ ਕੜੀ ਨੂੰ ਦੇਖਣਾ ਅਤੇ ਪਰਖਣਾ ਅਜੇ ਵੀ ਲੰਬੀ ਸਮਝਦਾਰੀ ਦੀ ਮੰਗ ਕਰਦਾ ਹੈ ਪ੍ਰੰਤੂ ਉਸ ਪ੍ਰਤੀ ਸਵਾਲ ਦਰ ਸਵਾਲ ਸੋਚਣ ਲਈ ਪ੍ਰਸਿੱਧ ਮੀਡੀਆ ਵਿਸ਼ਲੇਸ਼ਕ ਐਸ. ਪੀ. ਸਿੰਘ ਦੇ ਵਿਚਾਰ ਸਾਂਝੇ ਕਰ ਰਹੇ ਹਾਂ। ਜਿਹੜੇ ਹਾਲਾਂਕਿ ਵੱਖ ਵੱਖ ਚੈਨਲਾਂ ਰਾਹੀਂ ਵਿਸ਼ੇਸ਼ ਕਰਕੇ ਜ਼ੀ ਪੰਜਾਬੀ ਵਿਚ ਖ਼ਬਰਸਾਰ ਦੇ ਨਾਂ ਹੇਠ ਪਿਛਲੇ ਤਿੰਨ ਸਾਲਾਂ ਤੋਂ ਸ਼ਾਨਦਾਰ ਪੈਨਲ ਡਿਸਕਸ਼ਨਾਂ ਕਰਵਾ ਚੁੱਕੇ ਹਨ ਜਿਨ੍ਹਾਂ ਵਿਚ ਕੋਈ ਵੀ ਪੰਜਾਬ ਦੀ ਰਾਜਨੀਤਕ ਤੋਂ ਲੈ ਕੇ ਸਮਾਜਿਕ ਮਸਲਿਆਂ ਤੱਕ ਦੀ ਸੋਝੀ ਰੱਖਣ ਵਾਲੀ ਹਸਤੀ ਨਾ ਸ਼ਾਮਲ ਹੋਈ ਹੋਵੇ। ਐਸ. ਪੀ. ਸਿੰਘ ਦੇ ਵਿਚਾਰਾਂ ਵਿਚ ਛੁਪੇ ਸਵਾਲਾਂ ਨੂੰ ਸੰਬੋਧਤ ਹੋਣ ਹਿੱਤ ਉਨ੍ਹਾਂ ਦੇ ਵਿਚਾਰ ਸਾਂਝੇ ਕਰ ਰਹੇ ਹਾਂ।**

ਇੱਕ ਅਜਿਹੇ ਵਕਤ ਜਦੋਂ ਪੂਰੇ ਦੇਸ਼ ਵਿੱਚ ਭਰੋਸੇਯੋਗਤਾ ਅਤੇ ਲੋਕਤੰਤਰੀ ਤੌਰ ਤਰੀਕਿਆਂ ਨੂੰ ਮਜ਼ਬੂਤ ਕਰਨ ਬਾਰੇ ਬਹਿਸ ਭਖੀ ਹੋਵੇ ਤਾਂ ਕਿਸੇ ਵੀ ਚੋਣ ਨਤੀਜਿਆਂ ਨੂੰ ਇੱਕ ਪਾਰਟੀ ਦੀ ਹਾਰ ਅਤੇ ਦੂਸਰੀ ਦੇ ਜਿੱਤ ਦੇ ਪਰਿਪੇਖ ਵਿੱਚ ਵੇਖਣਾ ਇੱਕ ਵੱਡੇ ਲੋਕ ਸੁਨੇਹੇ ਨੂੰ ਛੁਟਿਆਉਣਾ ਹੋਵੇਗਾ। ਪੰਜਾਬੀਆਂ ਨੂੰ ਜੇ ਅਪਣੀ ਹੋਣੀ ਬਾਰੇ ਚਿੰਤਾ ਹੈ ਤਾਂ ਉਨ੍ਹਾਂ ਨੂੰ ਇਸ ਸੁਨੇਹੇ ਰਾਹੀਂ ਦੇਸ਼ ਵਿੱਚ ਚੱਲ ਰਹੀਆਂ ਵਡੇਰੀਆਂ ਬਹਿਸਾਂ ਨਾਲ ਜੋੜ ਕੇ ਵੇਖਣਾ ਚਾਹੀਦਾ ਹੈ। ਪੰਜਾਬ ਦੀ 117 ਸੀਟਾਂ ਵਾਲੀ ਵਿਧਾਨ ਸਭਾ ਵਿੱਚ ਸਪੀਕਰ ਦੇ ਸੱਜੇ ਹੱਥ ਕੌਣ ਬੈਠੇਗਾ, ਇਸ ਦਾ ਫ਼ੈਸਲਾ ਬਹੁਤ ਹੀ ਬਾਰੀਕ ਵੋਟ ਪ੍ਰਤੀਸ਼ਤ ਦੇ ਫਰਕ ਨਾਲ ਹੋਇਆ ਹੈ ਭਾਵੇਂ ਕਿ ਇਹ ਸੱਚ ਹੈ ਕਿ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਗੱਠਜੋੜ ਅਤੇ ਕਾਂਗਰਸ ਵਿਚਕਾਰ ਸੀਟਾਂ ਦੇ ਮਾਮਲੇ ਵਿੱਚ ਫਰਕ ਫ਼ੈਸਲਾਕੁੰਨ ਹੋ ਨਿਬੜਿਆ ਹੈ। ਇਸ ਨਤੀਜੇ ਤੇ ਪਹੁੰਚਣ ਤੋਂ ਪਹਿਲਾਂ ਦੇ 36 ਦਿਨ ਇਸ ਉਧੇੜ ਬੁਣ ਵਿੱਚ ਹੀ ਬੀਤੇ ਹਨ ਕਿ ਤੀਸਰੇ ਬਦਲ ਭਾਵ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ ਅਤੇ ਸਾਂਝਾ ਮੋਰਚਾ ਕਿਸ ਨੂੰ ਜ਼ਿਆਦਾ ਨੁਕਸਾਨ ਪਹੁੰਚਾਉਣਗੇ। ਜੇ ਸਾਰੇ ਚੋਣ ਨਤੀਜਿਆਂ ਦਾ ਸਤਹੀ ਪੱਧਰ 'ਤੇ ਲੇਖਾ-ਜੋਖਾ ਕਰਨ ਦੀ ਰਵਾਇਤ ਜਾਰੀ ਰਹੀ ਤਾਂ ਅਸੀਂ ਅਸਲੀ ਸੁਨੇਹੇ ਤੋਂ ਖੁੰਝ ਜਾਵਾਂਗੇ। ਇਸ ਲਈ ਜ਼ਰੂਰੀ ਹੈ ਕਿ ਅਸੀਂ ਗ਼ਰੀਬੀ ਹਟਾਉ ਦੇ ਨਾਅਰਿਆਂ ਦੇ ਜ਼ਮਾਨੇ ਤੋਂ ਬਣੇ ਇਨ੍ਹਾਂ ਰਵਾਇਤੀ ਤਰੀਕਿਆਂ ਨੂੰ ਵੇਖਣਾ ਬੰਦ ਕਰੀਏ ਅਤੇ ਅਜੋਕੇ ਪੰਜਾਬ ਦੀ ਸਥਿਤੀ ਅਤੇ ਨੇੜਲੇ ਭਵਿੱਖ ਵਿੱਚ ਇਸ ਦੀ ਹੋਣੀ ਦੇ ਪਰਿਪੇਖ ਵਿੱਚ ਇਨ੍ਹਾਂ ਵਰਤਾਰਿਆਂ ਨੂੰ ਸਮਝੀਏ। ਪੰਜਾਬ ਦੇ ਨਾਲ ਹੀ ਉੱਤਰ ਪ੍ਰਦੇਸ਼ ਵਿੱਚ ਵੀ ਸੱਤਾ ਤਬਦੀਲੀ ਹੋਈ ਹੈ ਪਰ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿੱਚ ਵੱਡਾ ਫਰਕ ਹੈ। ਪੰਜਾਬ ਦੀ ਸੱਤਾ ਤਬਦੀਲੀ ਚਿਹਰੇ ਜ਼ਰੂਰ ਬਦਲ ਦਿੰਦੀ ਹੈ ਪਰ ਉਨ੍ਹਾਂ ਦੀ ਤਾਸੀਰ ਨਹੀਂ। ਉੱਤਰ ਪ੍ਰਦੇਸ਼ ਵਿੱਚ ਬਹੁਜਨ ਸਮਾਜ ਪਾਰਟੀ ਤੋਂ ਸਮਾਜਵਾਦੀ ਪਾਰਟੀ

ਵੱਲ ਸੱਤਾ ਪਰਿਵਰਤਨ ਵਧੇਰੇ ਵਾਸਤਵਿਕ ਬਦਲ ਕਿਹਾ ਜਾ ਸਕਦਾ ਹੈ। ਇਸ ਦਾ ਇੱਕ ਮੁੱਖ ਲੱਛਣ ਇੱਕ ਅਜਿਹਾ ਇਤਿਹਾਸਕ ਤੱਥ ਹੈ ਜਿਸ ਤੋਂ ਮੁਨਕਰ ਹੋਣਾ ਅੱਖਾਂ ਬੰਦ ਕਰਨ ਦੇ ਤੁਲ ਹੈ। ਕਹਿੰਦੇ ਹਨ ਕਿ ਉਸ ਤੋਂ ਅੰਨਾ ਕੋਈ ਨਹੀਂ ਹੋ ਸਕਦਾ ਜਿਹੜਾ ਵੇਖਣ ਤੋਂ ਹੀ ਇਨਕਾਰੀ ਹੋ ਜਾਵੇ। ਪੰਜਾਬ ਵਿੱਚ ਭੋਂ ਮਾਲਕੀ ਤੋਂ ਲੈ ਕੇ ਵਪਾਰ, ਅਫ਼ਸਰਸ਼ਾਹੀ ਅਤੇ ਨੌਕਰੀਆਂ ਅਤੇ ਸਨਅਤ ਤਕ ਸਾਰੇ ਖੇਤਰਾਂ ਵਿੱਚ ਇੱਕ ਖ਼ਾਸ ਵਰਗ ਦੇ ਲੋਕਾਂ ਦਾ ਸੱਤਾ ਦੇ ਸਭਨਾਂ ਪੱਧਰਾਂ ਉੱਤੇ ਬੋਲਬਾਲਾ ਹੋ ਜਾਣ ਨਾਲ ਅਜਿਹੇ ਚੋਣ ਨਤੀਜਿਆਂ ਦਾ ਮਤਲਬ ਕੇਵਲ ਚਿਹਰੇ ਬਦਲਣ ਤਕ ਹੀ ਰਹਿ ਜਾਂਦਾ ਹੈ। ਜਿਸ ਵੇਲੇ ਦੇਸ਼ ਵਿੱਚ ਸੱਤਾ ਦੇ ਵਿਕੇਂਦਰੀਕਰਨ ਅਤੇ ਸਭ ਸੰਸਥਾਵਾਂ ਵਿੱਚ ਲੋਕੰਤਤਰੀ ਪ੍ਰਕਿਰਿਆਵਾਂ ਨੂੰ ਉਤਸ਼ਾਹਿਤ ਕਰਨ ਬਾਰੇ ਬਹਿਸ ਭਖੀ ਹੋਵੇ ਤਾਂ ਮਰਦਮਸ਼ੁਮਾਰੀ ਦੇ ਕਿਸੇ ਇੱਕ ਹਿੱਸੇ ਤਕ ਸੱਤਾ ਅਤੇ ਸ੍ਰੋਤਾਂ ਦਾ ਮਹਿਦੂਦ ਰਹਿ ਜਾਣਾ ਲੋਕਤੰਤਰੀ ਵਿਕਾਸ ਲਈ ਚੰਗੇਰਾ ਕਦਮ ਨਹੀਂ ਹੋ ਸਕਦਾ। ਪੰਜਾਬ ਦੇ ਲੋਕਾਂ ਨੂੰ ਬੁੱਧੀਜੀਵੀਆਂ, ਅਧਿਆਪਕਾਂ, ਵਿਗਿਆਨੀਆਂ,ਲੇਖਕਾਂ, ਕਵੀਆਂ, ਵਕੀਲਾਂ, ਡਾਕਟਰਾਂ ਅਤੇ ਹੋਰ ਕਿੱਤਿਆਂ ਨਾਲ ਜੁੜੇ ਪੰਜਾਬ ਪ੍ਰੇਮੀਆਂ ਨੂੰ ਇਸ ਮੰਜ਼ਰ ਬਾਰੇ ਸੋਚਣਾ ਹੀ ਪਵੇਗਾ।

ਬਦਲ ਕਦੀ ਵੀ ਕੁਝ ਵੀ ਨਹੀਂ ਬਦਲਿਆ ਦਾ ਪ੍ਰਤੀਕ ਨਹੀਂ ਹੋਣਾ ਚਾਹੀਦਾ ਨਹੀਂ ਤਾਂ ਲੋਕਾਂ ਵਿੱਚੋਂ ਬਦਲ ਦੇ ਸੰਕਲਪ ਤੋਂ ਵਿਸ਼ਵਾਸ ਹੀ ਉੱਠ ਜਾਵੇਗਾ ਅਤੇ ਉਹ ਬਦਲ ਦੇ ਨਵੇਂ ਅਤੇ ਖ਼ਤਰਨਾਕ ਤਰੀਕਿਆਂ ਦੀ ਭਾਲ ਵਿੱਚ ਨਿਕਲ ਪੈਣਗੇ।ਦੇਸ਼ ਦੇ ਵਿੱਚ ਤਥਾ-ਕਥਿਤ ਉੱਚ-ਸ਼੍ਰੇਣੀ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਿੱਚ ਬਹੁਤ ਸਾਰੇ ਉਸੇ ਵਰਗ ਦੇ ਵਿਦਵਾਨ ਹੀ ਸਨ ਕਿਉਂਕਿ ਵਿੱਦਿਆ ਤੇ ਫਲਸਫੇ ਦੇ ਧਨੀ ਹੋਣ ਕਾਰਨ ਉਹ ਹੀ ਬਦਲਾਅ ਲਿਆਉਣ ਦੀ ਸਥਿਤੀ ਵਿੱਚ ਸਨ।ਉਸੇ ਤਰ੍ਹਾਂ ਇਸ ਗਲਬੇ ਵਾਲੀ ਰਾਜਨੀਤੀ ਦੀ ਪ੍ਰਵਿਰਤੀ ਨੂੰ ਬਦਲਣ ਲਈ ਵੀ ਪਹਿਲ ਸੱਤਾ ਤੇ ਕਾਬਜ਼ ਤਬਕੇ ਵਿੱਚੋਂ ਹੀ ਉਭਰਨੀ ਚਾਹੀਦੀ ਹੈ ਕਿਉਂਕਿ ਉਹ ਹੀ ਇੰਨੇ ਸਮਰੱਥ ਹਨ ਜੋ ਬਦਲਾਅ ਲਿਆ ਸਕਦੇ ਹਨ। ਅੱਜ ਦੀ ਜੇਤੂ ਅਕਾਲੀ ਦਲ ਪਾਰਟੀ ਅਤੇ ਹਾਰੀ ਹੋਈ ਕਾਂਗਰਸ ਦੇ ਪੰਜਾਬ ਦੇ ਨੇਤਾਵਾਂ ਨੂੰ ਇਹ ਸਮਝਣਾ ਹੀ ਹੋਵੇਗਾ ਕਿ ਦੇਸ਼ ਵਿੱਚ ਰਾਜਨੀਤੀ ਬੜੀ ਤੀਬਰਤਾ ਨਾਲ ਬਦਲ ਰਹੀ ਹੈ ਅਤੇ ਲੋਕ ਕੇਵਲ ਦਮਗਜ਼ਿਆਂ ਅਤੇ ਵਾਅਦਿਆਂ ਨਾਲ ਨਹੀਂ ਪਰਚਦੇ। ਇਸ ਲਈ ਇਹ ਜ਼ਰੂਰੀ ਹੈ ਕਿ ਰਾਜਨੀਤੀ ਵਿੱਚ ਅਪਣੇ ਪ੍ਰਭਾਵ ਨੂੰ ਵਿਸ਼ਾਲ ਕੀਤਾ ਜਾਵੇ। ਪੰਜਾਬ ਦੀ ਲਗਪਗ 30 ਪ੍ਰਤੀਸ਼ਤ ਦਲਿਤ/ਅਨੁਸੂਚਿਤ ਭਾਈਚਾਰੇ ਵਾਲੀ ਆਬਾਦੀ ਨੂੰ ਅਪਣੇ ਨਾਲ ਬਰਾਬਰਤਾ ਦਾ ਰਿਸ਼ਤਾ ਬਣਾ ਕੇ ਲੈ ਕੇ ਚੱਲਣ ਵਾਲੇ ਹੀ ਸਹੀ ਮਾਅਨਿਆਂ ਵਿੱਚ ਬਦਲ ਬਣ ਸਕਣਗੇ।

ਕਾਂਗਰਸ ਦੀ ਇਸ ਹਾਰ ਤੋਂ ਬਹੁਤ ਸਾਰੇ ਸਬਕ ਸਿੱਖਣ ਵਾਲੇ ਹਨ। ਕਾਂਗਰਸ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਇਹ ਸਮਝ ਲਵੇ ਕਿ ਅਗਲੀ ਚੋਣ ਦੀ ਤਿਆਰੀ ਅੱਜ ਤੋਂ ਹੀ ਕਰਨੀ ਹੋਵੇਗੀ। ਜਿੱਤ ਕੇ ਪੰਜ ਸਾਲ ਰਾਜ ਕਰਨ ਦਾ ਸੁਪਨਾ ਲੈਣ ਵਾਲਿਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਹਾਰਨ ਤੋਂ ਬਾਅਦ ਵੀ ਪੰਜ ਸਾਲ ਲੋਕਾਂ ਵਿੱਚ ਲਗਾਤਾਰ ਵਿਚਰਨਾ ਜਿੱਤ ਦੀ ਚੰਗੀ ਤਿਆਰੀ ਹੁੰਦੀ ਹੈ।

ਚੋਣ ਨਤੀਜਿਆਂ ਤੋਂ ਇੱਕਦਮ ਬਾਅਦ ਜਿਸ ਤਰ੍ਹਾਂ ਪ੍ਰਕਾਸ਼ ਸਿੰਘ ਬਾਦਲ ਨੇ ਬਿਆਨ ਦਿੱਤਾ ਹੈ ਕਿ ਉਨ੍ਹਾਂ ਨੂੰ ਕਿਸੇ ਕਿਸਮ ਦਾ ਕੋਈ ਗਿਲ੍ਹਾ ਸ਼ਿਕਵਾ ਨਹੀਂ ਹੈ ਅਤੇ ਸੁਚਾਰੂ ਰਾਜ ਪ੍ਰਬੰਧ ਲਈ ਵਿਰੋਧੀ ਧਿਰ ਦੀ ਵੀ ਜ਼ਰੂਰਤ ਹੁੰਦੀ ਹੈ; ਉਸ ਤੋਂ ਜਾਪਦਾ ਹੈ ਕਿ ਸ਼ਾਇਦ ਆਪਸੀ ਕੁੜੱਤਣ ਤੋਂ ਦੂਰ ਇੱਕ ਨਵੇਂ ਰਾਜਨੀਤਕ ਮੁਹਾਵਰੇ ਦੀ ਤਲਾਸ਼ ਵਿੱਚ ਸਫ਼ਲਤਾ ਪ੍ਰਾਪਤ ਹੋ ਸਕੇ। ਸ਼ਾਇਦ ਸਭ ਤੋਂ ਮਹੱਤਵਪੂਰਨ ਹੋਵੇਗਾ ਪੰਜਾਬ ਦੀ ਕਾਂਗਰਸ ਵਿੱਚ ਫੇਰਬਦਲ। ਯੂ.ਪੀ. ਵਿੱਚ ਕਾਂਗਰਸ ਦੇ ਯੁਵਰਾਜ ਰਾਹੁਲ ਗਾਂਧੀ ਨੇ ਜਿਸ ਢੰਗ ਨਾਲ ਹਾਰ ਨੂੰ ਅਪਣੇ ਸੀਨੇ ਤੇ ਲਿਆ ਹੈ ਤੇ ਅਪਣੀ ਪ੍ਰਤੀਕਿਰਿਆ ਵਿੱਚ ਕੰਮ ਕਰਦੇ ਰਹਿਣ ਦੀ ਗੱਲ ਕਹੀ ਹੈ, ਉਸ ਦਾ ਵਿਸਥਾਰ ਪੰਜਾਬ ਤਕ ਵੀ ਹੋਣਾ ਚਾਹੀਦਾ ਹੈ। ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਨੂੰ ਅਪਣਾ ਮੁੱਖ ਮੰਤਰੀ ਦਾ ਉਮੀਦਵਾਰ ਐਲਾਨਣਾ ਅਤੇ ਬਹੁਤ ਸਾਰੀਆਂ ਟਿਕਟਾਂ ਦਾ ਫ਼ੈਸਲਾ ਅਪਣੇ ਹੱਥੀਂ ਚੁਣੇ ਉਮੀਦਵਾਰਾਂ ਲਈ ਕਰਨਾ ਰਾਹੁਲ ਗਾਂਧੀ ਦੀ ਪੰਜਾਬ ਵਿੱਚ ਭੂਮਿਕਾ ਨੂੰ ਰੇਖਾਂਕਿਤ ਕਰਦਾ ਹੈ। ਇਸ ਲਈ ਪੰਜਾਬ ਦੀ ਹਾਰ ਦੀ ਕੁਝ ਜ਼ਿੰਮੇਵਾਰੀ ਉਸ ਨੂੰ ਵੀ ਵੰਡਾਉਣੀ ਬਣਦੀ ਹੈ। ਲੋਕਤੰਤਰੀ ਢਾਂਚੇ ਦੀ ਮਜ਼ਬੂਤੀ ਲਈ ਰਾਹੁਲ ਗਾਂਧੀ ਨੇ ਪਰਿਵਾਰਵਾਦ ਨੂੰ ਘਟਾਉਣ ਅਤੇ ਸਮਾਪਤ ਕਰਨ ਦੀ ਗੱਲ ਕਰਨ ਵਿੱਚ ਕਈ ਸਾਲ ਪਹਿਲਾਂ ਪਹਿਲ ਕੀਤੀ ਸੀ ਭਾਵੇਂ ਕਿ ਉਹ ਖ਼ੁਦ ਇਸੇ ਪਰਿਵਾਰਵਾਦ ਦੀ ਉਪਜ ਹਨ।ਹੁਣ ਸਮਾਂ ਹੈ ਕਿ ਸੁਖਬੀਰ ਸਿੰਘ ਬਾਦਲ ਵੀ ਇਸ ਗੱਲ ਨੂੰ ਅੱਗੇ ਵਧਾਉਣ। ਵਿਰੋਧੀ ਧਿਰ ਦੇ ਵਧੀਆ ਏਜੰਡੇ ਨੂੰ ਹਾਈਜੈਕ ਕਰਕੇ ਅਪਣਾ ਏਜੰਡਾ ਬਣਾਉਣਾ ਹਮੇਸ਼ਾ ਚੰਗੀ ਰਣਨੀਤੀ ਹੁੰਦੀ ਹੈ। ਜੇ ਪਰਿਵਾਰਵਾਦ ਵਰਗੀ ਸਮੱਸਿਆ ਨੂੰ ਠੱਲ੍ਹ ਪਾਉਣੀ ਹੈ ਤਾਂ ਇਹ ਕਾਰਜ ਬਾਦਲ ਪਰਿਵਾਰ ਤੋਂ ਹੀ ਸ਼ੁਰੂ ਹੋ ਸਕਦਾ ਹੈ।

ਹੁਣ ਸਮਾਂ ਪੰਜਾਬ ਦੀਆਂ ਅਸਲੀ ਸਮੱਸਿਆਵਾਂ ਵੱਲ ਮੁੜਨ ਦਾ ਹੈ ਅਤੇ ਇਹੀ ਸਮਾਂ ਚੋਣ ਨਤੀਜਿਆਂ ਨੂੰ ਸਹੀ ਪਰਿਪੇਖ ਵਿੱਚ ਸਮਝਣ ਦਾ ਹੈ।ਗਲਤੀ ਇਹ ਹੋ ਸਕਦੀ ਹੈ ਕਿ ਜੇਤੂ ਧਿਰ ਇਸ ਨਤੀਜੇ ਨੂੰ ਉਸ ਨੀਤੀ ਤੇ ਮੋਹਰ ਸਮਝੇ ਜਿਸ ਤਹਿਤ ਪਰਿਵਾਰ ਹੀ ਪਾਰਟੀ ਬਣ ਜਾਂਦਾ ਹੈ। ਦਰਬਾਰਾ ਸਿੰਘ ਗੁਰੂ ਦੀ ਹਾਰ ਵੀ ਕੁਝ ਸੁਨੇਹੇ ਸਮੋਈ ਬੈਠੀ ਹੈ। ਲੋਕ ਤੁਹਾਨੂੰ ਪਸੰਦ ਕਰ ਸਕਦੇ ਹਨ ਪਰ ਫਿਰ ਵੀ ਤੁਹਾਡੀ ਸਮਝ ਤੇ ਸਵਾਲ ਕਰ ਸਕਦੇ ਹਨ। ਜੇਤੂ ਅਤੇ ਹਾਰਨ ਵਾਲੀ ਧਿਰ, ਦੋਵਾਂ ਨੂੰ ਨਤੀਜਿਆਂ ਦੀਆਂ ਸਾਰੀਆਂ ਪਰਤਾਂ ਨੂੰ ਸਮਝਣਾ ਚਾਹੀਦਾ ਹੈ। ਜਿੱਤ ਨਾਲ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ, ਬੇਰੁਜ਼ਗਾਰੀ ਅਤੇ ਪੁਲੀਸ ਥਾਣਿਆਂ ਵਿੱਚ ਹੁੰਦੀ ਖੱਜਲਖੁਆਰੀ ਝੂਠੀ ਸਾਬਤ ਨਹੀਂ ਹੋ ਜਾਂਦੀ। ਜੇਤੂ ਨੂੰ ਇਹ ਸੱਚ ਸਮਝਣਾ ਚਾਹੀਦਾ ਹੈ ਕਿ ਜੇ ਲੋਕਤੰਤਰ ਜਿੱਤੇ ਅਤੇ ਲੋਕਤੰਤਰੀ ਪ੍ਰਕਿਰਿਆ ਤੋਂ ਬਾਹਰ ਡੇਰਿਆਂ ਦੁਆਰਾ ਰਾਜਨੀਤੀ ਵਿਚਲੇ ਦਖਲ ਦੀ ਹਾਰ ਹੋਵੇ ਤਾਂ ਇਹ ਸ਼ੁਭ ਸ਼ਗਨ ਹੈ।

ਨਵੀਂ ਵਿਧਾਨ ਸਭਾ ਅਪਣੀ ਕਾਰਜ ਵਿਧੀ ਨੂੰ ਬਿਹਤਰ ਚਲਾਵੇਗੀ ਤਾਂ ਲੋਕਾਂ ਨੂੰ ਵਿਧਾਇਕਾਂ ਦੇ ਕੰਮ ਵਿੱਚ ਦਿਲਚਸਪੀ ਵਧੇਗੀ ਪਰ ਜੇ ਇਹ ਚਾਰ ਸਾਲਾਂ ਵਿੱਚ ਕੇਵਲ 76 ਘੰਟੇ ਹੀ ਕੰਮ ਕਰੇਗੀ ਤਾਂ ਲੋਕ ਇਹੀ ਸਮਝਣਗੇ ਕਿ ਇੱਕ ਸਾਲ ਵਿੱਚ 19 ਘੰਟੇ ਕੰਮ ਕਰਨ ਵਾਲੇ ਕਮਾਈਆਂ ਹੋਰ ਢੰਗਾਂ ਨਾਲ ਕਰਦੇ ਹੋਣਗੇ। ਨਤੀਜੇ ਇਹ ਵੀ ਦੱਸਦੇ ਹਨ ਕਿ ਚੰਗੀ ਛਵੀ ਲਈ ਕਿਸੇ ਸ਼ਹੀਦ ਦੇ ਪਿੰਡ ਦੀ ਮਿੱਟੀ ਨਾਲ ਮੁੱਠੀ ਭਰਨੀ ਹੀ ਕਾਫ਼ੀ ਨਹੀਂ ਸਗੋਂ ਇਸ ਧਰਤੀ ਨਾਲ ਲਗਾਤਾਰ ਜੁੜਨਾ ਹੀ ਪਵੇਗਾ।

- ਅਮੋਲਕ ਸਿੰਘ

# ਇਤਿਹਾਸ ਦੇ ਅਣਗੌਲੇ ਪੰਨਿਆਂ 'ਚੋਂ

**ਇਤਿਹਾਸ ਨੂੰ ਮੁੜ ਵਾਚਨ ਦੀ ਲੋੜ ਹੈ ਜਿਸ ਕਿਸਮ ਨਾਲ ਪੰਜਾਬ ਦੇ ਇਤਿਹਾਸ ਦੀ ਸਿਰਜਣਾ ਹੋਈ ਉਸ ਵਿਚ ਕਈ ਕਿਸਮ ਦੀਆਂ ਵਿਰਾਸਤਾਂ ਸ਼ਾਮਲ ਹਨ। ਜਿਨ੍ਹਾਂ ਵਿਚ ਬਾਬੇ ਨਾਨਕ ਦੀ ਬਾਣੀ, ਬੁੱਲ੍ਹੇਸ਼ਾਹ ਦੀਆਂ ਕਾਫ਼ੀਆਂ, ਧਾਰਮਿਕ ਜੀਵਨ ਜਾਚ ਦੀਆਂ ਵੰਨਗੀਆਂ ਅਤੇ ਹੋਰ ਕਈ ਕਿਸਮ ਦੇ ਇਤਿਹਾਸਕ ਤੌਰ 'ਤੇ ਵਿਕਸਿਤ ਹੋਏ ਸਭਿਆਚਾਰਕ ਮੁੱਲਾਂ ਅਤੇ ਕਦਰਾਂ ਕੀਮਤਾਂ ਜਿਨ੍ਹਾਂ ਰਾਹੀਂ ਅਸਲ ਰੂਪ ਵਿਚ ਮਨੁੱਖ ਦੀ ਸਿਰਜਨਾ ਹੁੰਦੀ ਹੈ ਉਨ੍ਹਾਂ ਰੂਪਾਂ ਨੂੰ ਬਦਲਦੀ ਤਾਕਤ ਦੇ ਵਿਚਾਰ ਵਜੋਂ ਸਮਝਣਾ ਅਤੇ ਉਸ ਪ੍ਰਤੀ ਸੋਚਣਾ ਅੱਜ ਵੀ ਇਕ ਵੱਡੇ ਕਾਰਜ ਦੀ ਮੰਗ ਕਰਦਾ ਹੈ। ਅਜਿਹੇ ਕਾਰਜ ਵਿਚੋਂ ਅਜੇ ਅਸੀਂ ਇਸ ਕਰਕੇ ਪਛੜੇ ਹੋਏ ਹਾਂ ਕਿ ਅਸੀਂ ਅਜੋਕੀ ਰਾਜਨੀਤਕ ਪ੍ਰਸੰਗਿਕਤਾ ਦੇ ਸੰਦਰਭ ਵਿਚ ਉਸ ਨੂੰ ਜੋੜ-ਮੇਲ ਨਹੀਂ ਸਕੇ। ਅਜਿਹੀ ਇੱਛਾ ਦੀ ਪੂਰਤੀ ਹਿੱਤ ਲੰਬੇ ਸਮੇਂ ਤੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਗ਼ਦਰੀਆਂ ਦੇ ਜੀਵਨ ਜਾਚ ਅਤੇ ਉਨ੍ਹਾਂ ਦੀਆਂ ਲਿਖਤਾਂ ਦੇ ਪ੍ਰਸੰਗਾਂ ਨੂੰ ਸੋਚਣ ਅਤੇ ਸਮਝਣ ਅਤੇ ਉਸ ਨੂੰ ਲੋਕਾਂ ਦੀ ਜੀਵਨ ਜਾਚ ਦਾ ਹਿੱਸਾ ਬਣਾਉਣ ਲਈ ਕਾਰਜਸ਼ੀਲ ਅਮੋਲਕ ਸਿੰਘ ਦੇ ਵਿਚਾਰਾਂ ਦਾ ਅਦਾਨ-ਪ੍ਰਦਾਨ ਪੇਸ਼ ਕਰ ਰਹੇ ਹਾਂ।**

ਕੇਂਦਰੀ ਜੇਲ੍ਹ ਲਾਹੌਰ ਅੰਦਰ 16 ਮਾਰਚ 1916 ਦਾ ਸਰਘੀ ਵੇਲਾ ਆਮ ਵਰਗਾ ਨਹੀਂ ਸੀ। ਜੇਲ੍ਹ ਸੁਪਰਡੈਂਟ, ਸਿਵਲ ਸਰਜਨ, ਡਿਊਟੀ ਮੈਜਿਸਟਰੇਟ ਅਤੇ ਜਲਾਦ ਸਭ ਦੀ ਤੱਕਣੀ ਅਤੇ ਚਾਲ-ਢਾਲ ਨੇ ਬੈਰਕਾਂ ਅੰਦਰ ਅਜੀਬ ਜਿਹਾ ਸੰਨਾਟਾ ਪੈਦਾ ਕਰ ਦਿੱਤਾ ਸੀ। ਜਦੋਂ ਇਹ ਅਮਲਾ ਫ਼ਾਂਸੀ ਕੋਠੀ ਅੱਗੇ ਖੜ੍ਹਾ ਹੋਇਆ ਤਾਂ ਕੈਨੇਡਾ ਦੇ ਵੈਨਕੂਵਰ ਗੁਰਦੁਆਰੇ 'ਚ ਗਰੰਥੀ ਵਜੋਂ ਸੇਵਾ ਕਰਦਾ ਹੋਇਆ ਆਜ਼ਾਦੀ ਸੰਗਰਾਮ ਦਾ ਵਫ਼ਾਦਾਰ ਬਣਿਆ ਭਾਈ ਬਲਵੰਤ ਸਿੰਘ ਖੁਰਦਪੁਰ ਪਾਠ ਕਰ ਰਿਹਾ ਸੀ। ਅਗਲੀ ਫ਼ਾਂਸੀ ਕੋਠੀ ਵਿੱਚ ਹਾਫ਼ਿਜ਼ ਅਬਦੁੱਲਾ, ਜਗਰਾਓਂ ਕੁਰਾਨ ਸ਼ਰੀਫ਼ ਦੀਆਂ ਜ਼ੁਬਾਨੀ ਆਇਤਾਂ ਪੜ੍ਹ ਰਿਹਾ ਸੀ। ਤੀਜੀ ਕੋਠੀ ਵਿੱਚ ਬਾਬੂ ਰਾਮ, ਰਾਮ-ਰਾਮ ਕਰ ਰਿਹਾ ਸੀ।

ਤਿੰਨਾਂ ਨੂੰ ਜਦੋਂ ਦੱਸਿਆ ਗਿਆ ਕਿ ਤੁਹਾਡਾ ਫ਼ਾਂਸੀ ਦਾ ਸਮਾਂ ਹੋ ਗਿਆ ਤਾਂ ਕਿਸੇ ਦੇ ਚਿਹਰੇ 'ਤੇ ਨਾ ਕੋਈ ਤਣਾਅ ਸੀ ਅਤੇ ਨਾ ਹੀ ਜਾਨ ਬਖਸ਼ੀ ਲਈ ਕੋਈ ਦੁਆ। ਤਿੰਨਾਂ ਦਾ ਧਾਰਮਿਕ ਵਿਸ਼ਵਾਸ ਆਪੋ-ਆਪਣਾ ਸੀ ਪਰ ਅੰਬਰ ਦੇ ਤਾਰੇ ਹੀ ਗਵਾਹ ਸਨ ਕਿ ਕਾਲ ਕੋਠੜੀ ਚ ਡੱਕੇ ਤਿੰਨੇ ਦੇਸ਼ ਭਗਤਾਂ ਵੱਲੋਂ ਗੂੰਜੇ ਨਾਅਰੇ ਦੀ ਭਾਸ਼ਾ ਇੱਕੋ ਸੀ- ਆਜ਼ਾਦੀ! ਆਜ਼ਾਦੀ! ਆਜ਼ਾਦੀ! ਧਰਮ ਇੱਕੋ ਸੀ, ਆਪਣੇ ਪਿਆਰੇ ਵਤਨ ਨੂੰ ਗ਼ੁਲਾਮੀ ਤੋਂ ਆਜ਼ਾਦ ਕਰਵਾਉਣਾ। ਧਾਰਮਿਕ ਵਿਸ਼ਵਾਸ਼, ਆਜ਼ਾਦੀ ਸੰਗਰਾਮ ਦੀ ਲਹਿਰ ਵਿੱਚ ਲੀਕਾਂ ਨਾ ਵਾਹ ਸਕੇ। ਵੰਡੀਆਂ ਨਾ ਪਾ ਸਕੇ। ਜੇਲ੍ਹ ਅਧਿਕਾਰੀ ਦੋ ਕਦਮ ਹੋਰ ਅੱਗੇ ਗਏ ਤਾਂ ਚੌਥੀ ਅਤੇ ਪੰਜਵੀਂ ਫ਼ਾਂਸੀ ਕੋਠੀ ਵਿੱਚ ਹਰਨਾਮ ਚੰਦ ਫ਼ਤਹਿਗੜ੍ਹ (ਹੁਸ਼ਿਆਰਪੁਰ) ਅਤੇ ਡਾ. ਅਰੂੜ ਸਿੰਘ ਸੰਘਵਾਲ ਚਾਦਰਾਂ ਤਾਣ ਕੇ ਮੌਜ ਨਾ ਸੁੱਤੇ ਪਏ ਹਨ। ਜਿਵੇਂ ਉਨ੍ਹਾਂ ਨੂੰ ਤੜਕਸਾਰ ਆ ਕੇ ਜਗਾ ਕੇ, ਸਦਾ ਦੀ ਨੀਂਦ ਸੁਲਾਉਣ ਵਾਲੀ ਮੌਤ ਦੀ ਕੋਈ ਪਰਵਾਹ ਨਾ ਹੋਵੇ। ਦੋਵੇਂ ਸੁੱਤਿਆਂ ਬੱਬਰ ਸ਼ੇਰਾਂ ਨੂੰ ਜਾਗਣ ਦੀ ਆਵਾਜ਼ ਪਈ। ਆਪੋ ਆਪਣੀਆਂ ਧਾਰਮਿਕ ਰਸਮਾਂ 'ਚ ਰੁਝਿਆਂ ਤਿੰਨਾਂ ਨੂੰ ਵੀ ਫ਼ਾਂਸੀ ਕੋਠੀਆਂ ਤੋਂ ਬਾਹਰ ਆਉਣ ਦੇ ਹੁਕਮ ਹੋਏ। ਪੰਜੇ ਬਹਾਦਰ ਸਪੂਤਾਂ ਨੇ ਜੋਟੀ ਪਾਈ, ਗਲਵਕੜੀ ਪਾਈ ਅਤੇ ਆਜ਼ਾਦੀ ਦੇ ਨਗ਼ਮੇ ਸ਼ੁਰੂ ਕਰ ਦਿੱਤੇ। ਫਾਂਸੀ ਲਾਉਣ ਵਾਲੇ ਹਕੂਮਤੀ ਅਮਲੇ ਨੇ ਤਾਂ ਮੂੰਹ ਚ ਉਂਗਲਾਂ ਪਾਈਆਂ ਸਨ ਪਰ ਫ਼ਾਂਸੀ ਚੜ੍ਹਨ ਵਾਲਿਆਂ ਨੂੰ ਜਲੌਅ ਚੜ੍ਹਿਆ ਸੀ।

ਗਾਰਦ ਦੇ ਪਹਿਰੇ ਹੇਠ ਪੰਜਾਂ ਨੂੰ ਫ਼ਾਂਸੀ ਦੇ ਖੂਹ 'ਤੇ ਲਿਜਾਇਆ ਗਿਆ। ਮੈਜਿਸਟਰੇਟ ਨੇ ਆਖਰੀ ਖਾਹਿਸ਼ ਪੁੱਛੀ। ਅੱਗੋ ਪੰਜਾਂ ਦੀ ਸਾਂਝੀ ਆਵਾਜ਼ ਆਈ, ਸਾਡੀ ਆਖਰੀ ਖਾਹਿਸ਼ ਹੈ- ਹਿੰਦੋਸਤਾਨ ਆਜ਼ਾਦ ਹੋ, ਆਬਾਦ ਹੋ ਅਤੇ ਖੁਸ਼ਹਾਲ ਹੋ। ਅਸੀਂ ਰਹੀਏ ਭਾਵੇਂ ਨਾ ਇਸ ਗੱਲ ਦੀ ਕੋਈ ਪਰਵਾਹ ਨਹੀਂ। ਪੰਜੇ ਸੂਰਮੇ, ਨੱਚਦੇ ਕਦਮਾਂ ਅਤੇ ਹੱਸਦੇ ਚਿਹਰਿਆਂ ਨਾਲ ਫ਼ਾਂਸੀ ਦੇ ਫੱਟਿਆਂ ਤੇ ਜਾ ਖੜ੍ਹੇ ਹੋਏ। ਫ਼ਾਂਸੀ ਦੇ ਫੰਦੇ ਗਲੇ ਵਿੱਚ ਪਾਏ ਗਏ। ਮੈਜਿਸਟਰੇਟ ਨੇ ਸਿਰ ਤੋਂ ਟੋਪੀ ਉਤਾਂਹ ਚੁੱਕ ਕੇ ਹੇਠਾਂ ਨੂੰ ਕਰ ਦਿੱਤੀ। ਜਲਾਦ ਨੇ ਫੱਟੇ ਦਾ ਹੈਂਡਲ ਖਿੱਚਿਆ। ਪੰਜੇ ਗ਼ਦਰੀ ਸੂਰਬੀਰ ਫ਼ਾਂਸੀ ਦੇ ਖੂਹ ਵਿੱਚ ਲਟਕ ਗਏ। ਸਿਵਲ ਸਰਜਨ ਨੇ ਨਬਜ਼ਾ ਟੋਹੀਆਂ ਅਤੇ ਮੁਰਦਾ ਕਰਾਰ ਦਿੱਤੇ।

ਲਾਸ਼ਾਂ ਨੂੰ ਫ਼ਾਂਸੀ ਦੇ ਤਖ਼ਤੇ ਤੋਂ ਲਾਹ ਲਿਆ ਗਿਆ ਅਤੇ ਰੇੜ੍ਹੇ ਤੇ ਲੱਦ ਲਿਆ ਗਿਆ। ਜੇਲ੍ਹ ਅੰਦਰ ਹੀ ਸਿਵਿਆਂ ਵਿੱਚ ਅਗਨ ਭੇਟ ਕਰ ਦਿੱਤਾ। ਪੰਜਵੇਂ ਹਾਫ਼ਿਜ਼ ਅਬਦੁੱਲਾ ਨੂੰ ਨਾਲ ਲਗਦੇ ਜੇਲ੍ਹ ਦੇ ਕਬਰਸਤਾਨ ਵਿੰਚ ਦਫ਼ਨਾ ਦਿੱਤਾ ਗਿਆ। ਨਾ ਕਿਸੇ ਵਾਰਸ ਨਾਲ ਮੁਲਾਕਾਤ ਕਰਵਾਈ ਅਤੇ ਨਾ ਹੀ ਲਾਸ਼ਾਂ ਵਾਰਸਾਂ ਹਵਾਲੇ ਕੀਤੀਆਂ। ਸਵੇਰ ਨੂੰ ਵਾਰਸਾਂ ਨੂੰ ਮਿਲੇ ਸਿਰਫ਼ ਕੱਪੜੇ। ਆਪਣੇ ਮੁਲਕ ਦੀ ਆਜ਼ਾਦੀ ਦੀ ਗੱਲ ਕਰਨ ਵਾਲਿਆਂ ਨੂੰ ਮਿਲੀ ਮੌਤ। ਇਹ ਸ਼ਹੀਦ ਸੂਰਮੇ ਸਨ- ਕੈਨੇਡਾ ਦਾ ਮੰਨਿਆ-ਪ੍ਰਮੰਨਿਆ ਗ੍ਰੰਥੀ ਸੀ ਭਾਈ ਬਲਵੰਤ ਸਿੰਘ ਜੋ ਆਜ਼ਾਦੀ ਲਈ ਕੁਰਬਾਨ ਹੋ ਗਿਆ। ਮਨੀਲੇ ਦੀ ਗ਼ਦਰ ਪਾਰਟੀ ਦਾ ਪ੍ਰਧਾਨ ਹਾਫ਼ਿਜ਼ ਅਬਦੁੱਲਾ, ਤਿੱਬਤ ਤਕ ਖੱਚਰਾਂ ਤੇ ਲੱਦ ਕੇ ਗ਼ਦਰ ਲਹਿਰ ਦੀ ਸਮੱਗਰੀ ਲਿਜਾਣ ਵਾਲਾ ਫ਼ਤਹਿਗੜ੍ਹ ਦਾ ਬਾਬੂ ਰਾਮ, ਅਮਰੀਕਾ ਤੋਂ ਹਥਿਆਰ ਬਰਮਾ ਮਲਾਇਆ ਅਤੇ ਬੰਗਾਲ ਪਹੁੰਚਾਉਣ ਲਈ ਯਤਨਸ਼ੀਲ ਆਰਟਿਕ ਜਹਾਜ਼ ਦਾ ਇੰਚਾਰਜ਼ ਹਰਨਾਮ ਚੰਦ ਸੈਣੀ ਅਤੇ ਸੰਘਵਾਲ ਦਾ ਡਾ. ਅਰੂੜ ਸਿੰਘ। ਇਹ ਪੰਜੇ ਇੱਕੋ ਵੇਲੇ ਫ਼ਾਂਸੀ ਦੇ ਰੱਸੇ ਨਾਲ ਝੂਟ ਗਏ।

ਅੱਜ ਜਦੋਂ ਆਜ਼ਾਦੀ 65 ਵਰ੍ਹਿਆਂ ਦੀ ਹੋ ਗਈ ਹੈ ਤਾਂ ਮੁਲਕ ਅੰਦਰ ਧਰਮਾਂ, ਜਾਤਾਂ, ਫਿਰਕਿਆਂ, ਬੋਲੀਆਂ ਅਤੇ ਇਲਾਕਿਆਂ ਦੇ ਨਾਂ ਤੇ ਲੋਕਾਂ ਨੂੰ ਭਰਾ-ਮਾਰ ਜੰਗ ਵਿੱਚ ਝੋਕਿਆ ਜਾ ਰਿਹਾ ਹੈ। ਕਿੱਥੇ ਸਾਡਾ ਆਜ਼ਾਦੀ ਸੰਗਰਾਮ ਦਾ ਸਾਂਝਾ, ਅਮੀਰ, ਅਮੁੱਲਾ ਅਤੇ ਕੁਰਬਾਨੀਆਂ ਭਰਿਆ ਮਾਣਮੱਤਾ ਇਤਿਹਾਸ ਅਤੇ ਕਿੱਥੇ ਅਜੋਕੇ ਹਾਲਾਤ ਜਿਨ੍ਹਾਂ ਨੂੰ ਸਥਾਪਤੀ ਵੱਲੋਂ ਪੈਦਾ ਕੀਤਾ ਅਤੇ ਥਾਪੜਾ ਦਿੱਤਾ ਜਾਂਦਾ ਹੈ। ਅਜਿਹੇ ਰਾਜਨੀਤਕ ਅਤੇ ਸਮਾਜਕ ਪੱਖੋਂ ਪ੍ਰਦੂਸ਼ਤ ਵਾਤਾਵਰਣ ਅੰਦਰ ਸਾਡੇ ਸਮਾਜ ਲਈ ਇਹ ਪੰਜੇ ਅਮਰ ਸ਼ਹੀਦ ਰੌਸ਼ਨ ਮੁਨਾਰੇ ਹਨ, ਰਾਹ ਦਰਸਾਵਾ ਹਨ ਕਿ ਮਜ਼੍ਹਬੀ ਝੇੜਿਆਂ ਵਿੱਚ ਪੈਣ ਦੀ ਬਜਾਇ ਆਜ਼ਾਦ, ਖੁਸ਼ਹਾਲ, ਤਰੱਕੀ-ਪਸੰਦ ਨਵਾਂ-ਨਰੋਆ, ਸਾਂਝੀਵਾਲਤਾ ਵਾਲਾ ਸਮਾਜ ਸਿਰਜਣ ਲਈ ਏਕੇ ਦੀ ਜ਼ਰੂਰਤ ਹੈ।

- ਡਾ. ਗਿਆਨ ਸਿੰਘ

# ਸੰਕਟ ਦਰ ਸੰਕਟ ਉਲਝਿਆ ਅਰਥਚਾਰਾ



ਬਜਟ ਦੇਸ਼ ਵਿੱਚ ਅਪਣਾਏ ਗਏ ਜਾਂ ਅਪਣਾਏ ਜਾ ਰਹੇ ਆਰਥਿਕ ਮਾਡਲ ਦੀ ਇੱਕ ਛੋਟੀ ਜਿਹੀ ਝਲਕ ਹੀ ਹੁੰਦੀ ਹੈ ਭਾਵੇਂ ਜ਼ਿਆਦਾ ਲੋਕ ਉਸ ਨੂੰ ਆਪਣੀਆਂ ਸਾਰੀਆਂ ਆਰਥਿਕ ਤਕਲੀਫ਼ਾਂ ਦੇ ਸਦੀਵੀ ਹੱਲ ਦੀ ਇੱਕੋ-ਇੱਕ ਦਾਰੂ ਸਮਝਦੇ ਹੋਏ ਆਏ ਸਾਲ ਉਸ ਬਾਰੇ ਆਪਣੀ ਉਤਸੁਕਤਾ ਬਣਾਈ ਰੱਖਦੇ ਹਨ। ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਸਾਲ 2012-13 ਲਈ ਲੋਕ ਸਭਾ ਵਿੱਚ ਬਜਟ ਪੇਸ਼ ਕਰਦਿਆਂ ਹੋਇਆਂ ਵਾਰ-ਵਾਰ ਇਹ ਗੱਲ ਦੁਹਰਾਈ ਕਿ ਦੇਸ਼ ਦੇ ਆਮ ਆਦਮੀ ਨੂੰ ਧਿਆਨ ਵਿੱਚ ਰੱਖਦੇ ਹੋਏ ਉਸ ਦੀਆਂ ਤਕਲੀਫ਼ਾਂ ਨੂੰ ਘੱਟ ਕਰਨ ਲਈ ਉਹ ਬਜਟ ਪੇਸ਼ ਕਰ ਰਹੇ ਹਨ। ਬਜਟ ਦੇ ਵਿਸ਼ਲੇਸ਼ਣ ਕਰਨ ਤੋਂ ਪਤਾ ਲਗਦਾ ਹੈ ਕਿ ਬਜਟ ਦੀਆਂ ਤਜਵੀਜ਼ਾਂ ਤੋਂ ਆਮ ਆਦਮੀ ਦੀਆਂ ਤਕਲੀਫ਼ਾਂ ਘੱਟਣੀਆਂ ਤਾਂ ਦੂਰ ਦੀ ਗੱਲ ਰਹੀ ਸਗੋਂ ਇਹ ਬਜਟ ਤਾਂ ਮੱਧ ਵਰਗੀ ਲੋਕਾਂ ਲਈ ਵੀ ਕਈ ਸਮੱਸਿਆਵਾਂ ਖੜੀਆਂ ਕਰੇਗਾ।

ਦੇਸ਼ ਨੂੰ ਗ਼ੁਲਾਮੀ ਤੋਂ ਮੁਕਤੀ ਦਵਾਉਣ ਲਈ ਜਿਨ੍ਹਾਂ ਲੋਕਾਂ ਨੇ ਸੰਘਰਸ਼ ਕੀਤਾ, ਵੱਖ-ਵੱਖ ਤਰ੍ਹਾਂ ਦੀਆਂ ਕੁਰਬਾਨੀਆਂ ਦਿੱਤੀਆਂ ਅਤੇ ਸ਼ਹੀਦੀ ਵੀ ਪਾ ਗਏ ਉਨ੍ਹਾਂ ਦਾ ਵਿਚਾਰ ਸੀ ਕਿ ਆਜ਼ਾਦ ਭਾਰਤ ਵਿੱਚ ਆਮ ਆਦਮੀ ਖੁਸ਼ਹਾਲੀ ਅਤੇ ਸਤਿਕਾਰ ਮਾਣ ਸਕੇਗਾ ਪਰ ਅਸਲੀਅਤ ਵਿੱਚ ਇਸ ਦੇ ਬਿਲਕੁਲ ਉਲਟ ਹੀ ਹੋਇਆ ਹੈ। ਭਾਰਤ ਵਿੱਚ ਆਮ ਆਦਮੀ ਨੂੰ ਪਿਛਲੇ 64-65 ਸਾਲਾਂ ਦੌਰਾਨ ਹੋਈ ਆਰਥਿਕ ਤਰੱਕੀ ਦਾ ਕੋਈ ਫ਼ਾਇਦਾ ਹੀ ਨਹੀਂ ਹੋਇਆ ਸਗੋਂ ਉਹ ਆਰਥਿਕ ਵਿਕਾਸ ਦੇ ਹਾਸ਼ੀਏ ਉੱਪਰ ਧੱਕ ਦਿੱਤੇ ਗਏ ਹਨ। ਇਨ੍ਹਾਂ ਵਿੱਚ ਗ਼ੈਰ-ਜਥੇਬੰਦਕ ਖੇਤਰ ਵਿੱਚ ਕੰਮ ਕਰਨ ਵਾਲੇ ਮਜ਼ਦੂਰ, ਨਿਮਨ ਕਿਸਾਨ, ਮੁਜ਼ਾਰੇ, ਖੇਤ ਮਜ਼ਦੂਰ ਅਤੇ ਛੋਟੇ ਪੇਂਡੂ ਕਾਰੀਗਰ ਸ਼ਾਮਲ ਹਨ।

ਕੇਂਦਰੀ ਵਿੱਤ ਮੰਤਰੀ ਨੇ ਦੇਸ਼ ਦੇ ਆਰਥਿਕ ਸਰਵੇਖਣ ਦੇ ਆਧਾਰ ਉੱਪਰ ਚਾਲੂ ਮਾਲੀ ਸਾਲ ਲਈ ਦੇਸ਼ ਦੀ ਆਰਥਿਕ ਵਿਕਾਸ ਦਰ ਦੇ 6.9 ਫ਼ੀਸਦੀ ਹੋਣ ਦੀ ਗੱਲ ਕਹੀ ਹੈ, ਜਿਹੜੀ ਉਸ ਤੋਂ ਪਿਛਲੇ 2 ਮਾਲੀ ਸਾਲਾਂ ਦੌਰਾਨ 8.4 ਫ਼ੀਸਦੀ ਰਹੀ ਹੈ। ਉਨ੍ਹਾਂ ਆਪਣੀਆਂ ਬਜਟ ਤਜਵੀਜ਼ਾਂ ਤੋਂ ਖੁਸ਼ ਹੁੰਦੇ ਹੋਏ ਮਾਲੀ ਸਾਲ 2012-13 ਵਿੱਚ ਦੇਸ਼ ਦੀ ਆਰਥਿਕ ਵਿਕਾਸ ਦਰ ਦੇ 7.6 ਫ਼ੀਸਦੀ ਹੋਣ ਦਾ ਯਕੀਨ ਪ੍ਰਗਟਾਇਆ ਹੈ। ਇਸ ਦੇ ਨਾਲ ਹੀ ਭਾਰਤ ਨੂੰ ਉੱਚੀ ਆਰਥਿਕ ਵਿਕਾਸ ਦਰ ਉੱਪਰ ਲਿਜਾਣ ਲਈ ਸਰਕਾਰ ਦਾ ਲੁਕਵਾਂ ਏਜੰਡਾ ਵੀ ਬਾਹਰ ਆ ਗਿਆ ਹੈ। ਕਿਸੇ ਵੀ ਤਰ੍ਹਾਂ ਸਿਰਫ਼ ਵਿਕਾਸ ਦਰ ਦੇ ਅੰਕੜਿਆਂ ਉੱਪਰ ਜ਼ੋਰ ਦੇਣਾ ਸਾਰਥਿਕ ਪੱਖ ਨਹੀਂ ਪੂਰ ਸਕਦਾ ਕਿਉਂਕਿ ਆਰਥਿਕ ਵਿਕਾਸ ਦਰ ਦੇ ਅੰਕੜਿਆਂ ਨਾਲੋਂ ਆਰਥਿਕ ਵਿਕਾਸ ਦਾ ਮਿਆਰ ਜ਼ਿਆਦਾ ਮਹੱਤਵਪੂਰਨ ਹੁੰਦਾ ਹੈ।

ਜੇਕਰ ਭਾਰਤ ਵਰਗੇ ਵਿਕਾਸ ਕਰ ਰਹੇ ਦੇਸ਼ਾਂ ਵਿੱਚ ਖੇਤੀ ਖੇਤਰ ਡਗਮਗਾ ਜਾਂਦਾ ਹੈ ਤਾਂ ਬਾਕੀ ਦੇ ਖੇਤਰ ਕਿਸੇ ਵੀ ਤਰ੍ਹਾਂ ਠੀਕ ਨਹੀਂ ਰਹਿ ਸਕਦੇ। ਬਜਟ ਵਿੱਚ ਖੇਤੀ ਖੇਤਰ ਦੇ ਵਿਕਾਸ ਲਈ ਤਜ਼ਵੀਜ ਕੀਤਾ ਗਿਆ ਖ਼ਰਚਾ ਕਿਵੇਂ ਵੀ ਖੇਤੀ ਉੱਪਰ ਨਿਰਭਰ 58 ਫ਼ੀਸਦੀ ਲੋਕਾਂ ਦੇ ਢਿੱਡ ਨਹੀਂ ਭਰ ਸਕੇਗਾ। ਇਸ ਸਾਲ ਖੇਤੀ ਖੇਤਰ ਦੀ ਵਿਕਾਸ ਦਰ 2.5 ਫ਼ੀਸਦੀ ਰਹੀ ਜਦੋਂ ਕਿ 10ਵੀਂ ਅਤੇ 11ਵੀਂ 5 ਸਾਲਾਂ ਯੋਜਨਾ ਦੌਰਾਨ ਇਸ ਦਾ ਟੀਚਾ 4 ਫ਼ੀਸਦੀ ਰੱਖਿਆ ਗਿਆ ਸੀ, ਜਿਹੜਾ ਕਦੇ ਵੀ ਪੂਰਾ ਨਹੀਂ ਹੋਇਆ। ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ 12ਵੀਂ 5 ਸਾਲਾਂ ਯੋਜਨਾ ਲਈ ਵੀ ਖੇਤੀ ਖੇਤਰ ਦੇ ਵਿਕਾਸ ਦਰ ਦਾ 4 ਫ਼ੀਸਦੀ ਦਾ ਟੀਚਾ ਹੀ ਮਿੱਥਿਆ ਹੈ। ਖੇਤੀ ਖੇਤਰ ਲਈ ਜਨਤਕ ਨਿਵੇਸ਼ ਦਾ 20 ਹਜ਼ਾਰ ਕਰੋੜ ਰੁਪਏ ਦਾ

> ਵਿਚਾਰ ਦਾ ਕੰਮ ਹਕੀਕਤ ਨੂੰ ਵਰਨਣ ਕਰਨਾ ਉਨ੍ਹਾਂ ਚੀਜ਼ਾਂ ਨੂੰ ਚੁਣਨਾ ਅਤੇ ਉਨ੍ਹਾਂ ਵਿਚ ਸੁਧਾਰ ਕਰਨਾ ਜਿਸ ਨਾਲ ਵਿਚਾਰਾਂ ਦੇ ਆਦਾਨ ਪ੍ਰਦਾਨ ਵਿਚ ਇਕ ਸਨਮਾਨਯੋਗ ਰਿਸ਼ਤਾ ਸਥਾਪਿਤ ਹੋ ਸਕੇ। ਮਾਨਵਤਾ ਦੇ ਪੱਖ ਵਿਚ ਸਬੰਧ ਰੱਖਣ ਵਾਲਾ ਇਨਸਾਨ ਭੌਤਿਕ ਵਸਤੂਆਂ ਨੂੰ ਇਸ ਤਰ੍ਹਾਂ ਯੋਜਨਾਬੱਧ ਕਰਦਾ ਹੈ ਜਿਸ ਨਾਲ ਮਨੁੱਖ ਦੀ ਤਾਕਤ ਇਕ ਸ਼ਾਨਦਾਰ ਸਮਾਜ ਦੇ ਰਸਤੇ 'ਤੇ ਅਗਾਂਹ ਵਿਕਸਿਤ ਹੋਣ ਲਈ ਜ਼ਰੂਰੀ ਹੁੰਦੀ ਹੈ।
>
> – ਬੈਰੋ ਡਨਰਮ

ਟੀਚਾ ਮਿੱਥਿਆ ਗਿਆ ਹੈ ਜਦੋਂ ਕਿ ਇਸ ਦੀ ਲੋੜ 1 ਲੱਖ 25 ਹਜ਼ਾਰ ਕਰੋੜ ਰੁਪਏ ਦੀ ਹੈ।ਦੇਸ਼ ਵਿੱਚ ਦੂਜਾ ਹਰਾ ਇਨਕਲਾਬ ਲਿਆਉਣ ਲਈ ਪੂਰਬੀ ਰਾਜਾਂ ਵਿੱਚ ਖੇਤੀ ਦੇ ਵਿਕਾਸ ਲਈ 1000 ਕਰੋੜ ਰੁਪਏ ਦੇ ਖ਼ਰਚੇ ਦੀ ਤਜਵੀਜ਼ ਰੱਖੀ ਗਈ ਹੈ ਜੋ ਆਪਣੇ ਆਪ ਵਿੱਚ ਨਾਕਾਫ਼ੀ ਹੈ।

ਖੇਤੀ ਖੇਤਰ ਦੇ ਵਿਕਾਸ ਲਈ ਇੱਕ ਹਾਸੋਹੀਣੀ ਤਜਵੀਜ਼ ਖੇਤੀ ਖੋਜ ਅਤੇ ਵਿਕਾਸ ਕਾਰਜਾਂ ਲਈ 200 ਕਰੋੜ ਰੁਪਏ ਖ਼ਰਚ ਕਰਨਾ ਹੈ। ਸੰਨ 1990-91 ਵਿੱਚ ਭਾਰਤ ਵਿੱਚ ਖੇਤੀ ਖੋਜ ਅਤੇ ਵਿਕਾਸ ਕਾਰਜਾਂ ਉੱਪਰ ਕੀਤੇ ਜਾਣ ਵਾਲੇ ਕੁੱਲ ਖ਼ਰਚੇ ਦਾ 80 ਫ਼ੀਸਦੀ ਤੋਂ ਵੱਧ ਹਿੱਸਾ ਸਰਕਾਰੀ ਸੀ ਜਿਹੜਾ ਸੰਨ 2007-08 ਤਕ ਘੱਟ ਕੇ 66 ਫ਼ੀਸਦੀ ਰਹਿ ਗਿਆ। ਸੰਨ 2012 ਦੇ ਸ਼ੁਰੂ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨੇ 99ਵੀਂ ਭਾਰਤੀ ਵਿਗਿਆਨ ਕਾਂਗਰਸ ਦਾ ਉਦਘਾਟਨ ਕਰਦਿਆਂ ਹੋਇਆਂ ਖੇਤੀ ਖੋਜ ਅਤੇ ਵਿਕਾਸ ਕਾਰਜਾਂ ਉੱਪਰ ਕੀਤੇ ਜਾਣ ਵਾਲੇ ਖ਼ਰਚੇ ਦੀ ਫ਼ੀਸਦੀ ਨੂੰ ਵਧਾਉਣ ਲਈ ਨਿੱਜੀ ਖੇਤਰ (ਕਾਰਪੋਰੇਟਸ਼ਾਹੀ) ਨੂੰ ਅੱਗੇ ਲਿਆਉਣ ਲਈ ਰਸਤਾ ਖੋਲਦਿਆਂ ਹੋਇਆ ਇਸ ਸਬੰਧ ਵਿੱਚ ਜਨਤਕ-ਨਿੱਜੀ ਹਿੱਸੇਦਾਰੀ ਨੂੰ ਵਧਾਉਣ ਲਈ ਸੁਝਾਅ ਦਿੱਤਾ ਸੀ। ਪ੍ਰਧਾਨ ਮੰਤਰੀ ਦਾ ਇਹ ਸੁਝਾਅ ਤਾਂ ਭਾਰਤ ਸਰਕਾਰ ਵੱਲੋਂ ਸੰਨ 1991 ਤੋਂ ਅਪਣਾਈ ਗਈ ਨਵੀਂ ਆਰਥਿਕ ਨੀਤੀ ਦਾ ਇੱਕ ਹਿੱਸਾ ਹੋਣ ਦੇ ਨਾਲ-ਨਾਲ ਦੂਜੀ ਪੀੜ੍ਹੀ ਦੇ ਆਰਥਿਕ ਸੁਧਾਰਾਂ ਨੂੰ ਤੇਜ਼ੀ ਨਾਲ ਲਾਗੂ ਕਰਨ ਦਾ ਇੱਕ ਮਹੱਤਵਪੂਰਨ ਹੰਭਲਾ ਹੈ।

ਭਾਰਤ ਵਿੱਚ 80 ਫ਼ੀਸਦੀ ਤੋਂ ਵੱਧ ਨਿਮਨ ਕਿਸਾਨ ਪਰਿਵਾਰ ਹਨ ਜਿਨ੍ਹਾਂ ਕੋਲ ਸਿਰਫ਼ 5 ਏਕੜ ਤਕ ਜ਼ਮੀਨ ਹੈ।ਭਾਰਤ ਵਿੱਚ ਕੀਤੇ ਗਏ ਵੱਖ-ਵੱਖ ਖੋਜ ਅਧਿਐਨਾਂ ਤੋਂ ਸਾਹਮਣੇ ਆਇਆ ਹੈ ਕਿ ਇਹ ਨਿਮਨ ਕਿਸਾਨ ਪਰਿਵਾਰ ਗ਼ਰੀਬੀ ਅਤੇ ਕਰਜ਼ੇ ਦੇ ਮਕੜਜਾਲ ਵਿੱਚ ਫੱਸੇ ਹੋਏ ਹਨ। ਨੈਸ਼ਨਲ ਕ੍ਰਾਇਮ ਰਿਕਾਰਡਜ਼ ਬਿਓਰੋ ਅਨੁਸਾਰ 1995 ਤੋਂ 2010 ਦੌਰਾਨ ਭਾਰਤ ਵਿੱਚ 2.5 ਲੱਖ ਤੋਂ ਵੱਧ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਰਿਪੋਰਟ ਹੋਈਆਂ ਹਨ।ਇਨ੍ਹਾਂ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਵਿੱਚੋਂ ਜ਼ਿਆਦਾਤਰ ਕਿਸਾਨ ਨਿਮਨ ਕਿਸਾਨੀ ਵਿੱਚੋਂ ਹਨ ਅਤੇ ਇਨ੍ਹਾਂ ਖ਼ੁਦਕੁਸ਼ੀਆਂ ਦਾ ਮੁੱਖ ਕਾਰਨ ਉਨ੍ਹਾਂ ਦੀ ਗ਼ਰੀਬੀ ਅਤੇ ਕਰਜ਼ਾ ਸਾਹਮਣੇ ਆਏ ਹਨ। ਇਸ ਤੋਂ ਬਿਨਾਂ ਹੋਰ ਕਿਸਾਨ ਖ਼ੁਦਕੁਸ਼ੀਆਂ ਹਨ ਜੋ ਉਨ੍ਹਾਂ ਦੇ ਪਰਿਵਾਰਾਂ ਨੇ ਸਮਾਜਕ ਅਤੇ ਕਾਨੂੰਨੀ ਕਾਰਨਾਂ ਕਰਕੇ ਜਿਨ੍ਹਾਂ ਨੂੰ ਕੁਦਰਤੀ ਜਾਂ ਐਕਸੀਡੈਂਟ ਮੌਤਾਂ ਵੱਜੋਂ ਰਿਪੋਰਟ ਕੀਤਾ ਹੈ। ਭਾਰਤ ਵਿੱਚ ਖੇਤ ਮਜ਼ਦੂਰਾਂ ਅਤੇ ਛੋਟੇ ਪੇਂਡੂ ਕਾਰੀਗਰਾਂ ਦੀ ਹਾਲਤ ਤਾਂ ਨਿਮਨ ਕਿਸਾਨੀ ਤੋਂ



ਵੀ ਬਦਤਰ ਹੈ।ਮੌਜੂਦਾ ਬਜਟ ਵਿੱਚ ਦੇਸ਼ ਦੀ ਜਨਸੰਖਿਆ ਦੇ ਇਸ ਵੱਡੇ ਹਿੱਸੇ ਦੀ ਭਲਾਈ ਦਾ ਕੋਈ ਵੀ ਉਲੇਖ ਨਹੀਂ ਹੈ।ਭਾਰਤ ਵਿੱਚ ਕੁੱਲ ਕੀਤੀ ਜਾਂਦੀ ਖੇਤੀ ਵਾਲੇ ਰਕਬੇ ਵਿੱਚੋਂ 60 ਫ਼ੀਸਦੀ ਰਕਬਾ ਸਿੰਚਾਈ ਲਈ ਮੀਂਹ ਉੱਪਰ ਨਿਰਭਰ ਹੈ ਜਿਸ ਦੇ ਵਿਕਾਸ ਨੂੰ ਇਸ ਬਜਟ ਵਿੱਚ ਅਣਗੌਲਿਆ ਕੀਤਾ ਗਿਆ ਹੈ।

ਖੇਤੀ ਖੇਤਰ ਦੇ ਵਿਕਾਸ ਲਈ ਇਸ ਬਜਟ ਦੀਆਂ ਤਜ਼ਵੀਜਾਂ ਵਿੱਚ 5 ਲੱਖ 75 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਮੁਹੱਈਆ ਕਰਵਾਉਣ ਦਾ ਵਾਅਦਾ ਕੀਤਾ ਗਿਆ ਹੈ ਜੋ ਪਿਛਲੇ ਸਾਲ ਨਾਲੋਂ 1 ਲੱਖ ਕਰੋੜ ਰੁਪਏ ਜ਼ਿਆਦਾ ਹੈ ਅਤੇ ਇਨ੍ਹਾਂ ਕਰਜ਼ਿਆਂ ਉੱਪਰ ਸਸਤੀ ਵਿਆਜ ਦਰ (7 ਫ਼ੀਸਦੀ) ਨੂੰ 1 ਸਾਲ ਲਈ ਹੋਰ ਵਧਾ ਦਿੱਤਾ ਗਿਆ ਹੈ ਅਤੇ ਸਮੇਂ ਸਿਰ ਕਰਜ਼ਾ ਮੋੜਨ ਵਾਲੇ ਕਿਸਾਨਾਂ ਨੂੰ 3 ਫ਼ੀਸਦੀ ਦੀ ਛੋਟ ਦਾ ਐਲਾਨ ਵੀ ਕੀਤਾ ਗਿਆ ਹੈ। ਇਹ ਐਲਾਨ ਪਿਛਲੇ ਸਾਲ ਵੀ ਕੀਤਾ ਗਿਆ ਸੀ ਪਰ ਇਸ ਉੱਪਰ ਕਿਸੇ ਵੀ ਤਰ੍ਹਾਂ ਦਾ ਅਮਲ ਨਹੀਂ ਕੀਤਾ ਗਿਆ। ਇਸ ਤੋਂ ਵੀ ਵੱਧ ਧਿਆਨ ਮੰਗਦੀ ਗੱਲ ਖੇਤੀ ਕਰਜ਼ੇ ਦੇ ਪਰਿਭਾਸ਼ਾ ਦੀ ਹੈ ਜਿਸ ਅਨੁਸਾਰ ਖੇਤੀ ਵਸਤਾਂ ਨੂੰ ਪ੍ਰੋਸੈਸਿੰਗ ਕਰਨ ਵਾਲੀਆਂ ਉਦਯੋਗਿਕ ਇਕਾਈਆਂ ਆਦਿ ਦੁਆਰਾ ਲਿਆ ਗਿਆ ਕਰਜ਼ਾ ਵੀ ਖੇਤੀ ਕਰਜ਼ਿਆਂ ਵਿੱਚ ਸ਼ਾਮਲ ਕਰ ਲਿਆ ਜਾਂਦਾ ਹੈ। ਇੱਕ ਅਨੁਮਾਨ ਅਨੁਸਾਰ ਸੰਸਥਾਈ ਸਰੋਤਾਂ ਦੁਆਰਾ ਖੇਤੀ ਲਈ ਦਿੱਤੇ ਗਏ ਕਰਜ਼ਿਆਂ ਵਿੱਚੋਂ ਕਿਸਾਨਾਂ ਦੇ ਹਿੱਸੇ ਸਿਰਫ਼ 50 ਫ਼ੀਸਦੀ ਦੇ ਲਗਭਗ ਹੀ ਆਉਂਦਾ ਹੈ।

ਕੇਂਦਰੀ ਵਿੱਤ ਮੰਤਰੀ ਨੇ ਜਿੱਥੇ ਆਮ ਆਦਮੀ ਦੀ ਬਿਹਤਰੀ ਦੇ ਦਾਅਵੇ

ਸੱਚ-ਮੁੱਚ ਮੈਂ ਮੰਨਦਾ ਹਾਂ ਕਿ ਕਾਰਲ ਮਾਰਕਸ ਨੇ ਮੈਨੂੰ ਇਨਸਾਨ ਬਣਾਇਆ ਇਸ ਲਈ ਮਾਰਕਸ ਮੇਰੇ ਲਈ ਮਹੱਤਵਪੂਰਨ ਹੈ ਅਤੇ ਮੈਂ ਮੰਨਦਾ ਹਾਂ ਕਿ ਉਹ ਸਾਡੇ ਸਮਿਆਂ ਲਈ ਮਹੱਤਵਪੂਰਨ ਹੈ।ਅੱਜ ਪਹਿਲੇ ਤੋਂ ਹੋਰ ਵੀ ਜ਼ਿਆਦਾ ਕਿਉਂਕਿ ਅਸੀਂ ਜਿਸ ਦੁਨੀਆ ਵਿਚ ਰਹਿ ਰਹੇ ਹਾਂ ਉਹ ਪੂੰਜੀਵਾਦੀ ਦੁਨੀਆ ਹੈ।

– ਬਰਨਾਡ ਸ਼ਾਹ

ਕੀਤੇ ਹਨ ਉੱਥੇ ਹੀ ਉਨ੍ਹਾਂ ਕਿਹਾ ਹੈ ਕਿ ਸਬਸਿਡੀਆਂ ਉੱਪਰ ਹੋਣ ਵਾਲੇ ਖ਼ਰਚੇ ਕਾਰਨ ਉਨ੍ਹਾਂ ਨੂੰ ਚੰਗੀ ਤਰ੍ਹਾਂ ਰਾਤ ਦੀ ਨੀਂਦ ਵੀ ਨਹੀਂ ਆਉਂਦੀ। ਉਨ੍ਹਾਂ ਅਨੁਸਾਰ ਭਾਰਤ ਵਿੱਚ ਕੁੱਲ ਘਰੇਲੂ ਉਤਪਾਦਨ ਦੇ 2 ਫ਼ੀਸਦੀ ਦੇ ਬਰਾਬਰ ਸਬਸਿਡੀਆਂ ਉੱਪਰ ਖ਼ਰਚ ਹੋ ਰਿਹਾ ਹੈ ਜਿਸ ਨੂੰ ਘਟਾਉਂਦੇ ਹੋਏ ਸਾਲ 2014-15 ਤਕ 1.71 ਫ਼ੀਸਦੀ ਕਰ ਦਿੱਤਾ ਜਾਵੇਗਾ। ਸਬਸਿਡੀਆਂ ਦੇ ਖ਼ਰਚੇ ਦੀ ਫ਼ੀਸਦੀ ਨੂੰ ਘਟਾਉਣ ਲਈ ਖਣਿਜ ਤੇਲ ਉੱਪਰ ਦਿੱਤੀ ਜਾਂਦੀ ਸਬਸਿਡੀ ਨੂੰ ਘਟਾਉਣ ਦੀ ਗੱਲ ਵੀ ਸ਼ਾਮਲ ਹੈ। ਪਿਛਲੇ ਸਾਲ ਦਾ ਰਸਾਇਣਕ ਖਾਦਾਂ ਉੱਪਰ ਸਬਸਿਡੀ ਦੇ ਘਟਾਉਣ ਦਾ ਅਸਰ ਦੇਖਦੇ ਹੋਏ ਸਹਿਜੇ ਹੀ ਖਣਿਜ ਤੇਲ ਦੀਆਂ ਕੀਮਤਾਂ ਵਿੱਚ ਹੋਣ ਵਾਲੇ ਵਾਧੇ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਭਾਰਤ ਵਿੱਚ ਦਿੱਤੀਆਂ ਜਾਂਦੀਆਂ ਸਬਸਿਡੀਆਂ ਦਾ ਪਿਛਲੇ ਸਾਲਾਂ ਦਾ ਲੇਖਾ-ਜੋਖਾ ਦੱਸਦਾ ਹੈ ਕਿ ਇਨ੍ਹਾਂ ਨੂੰ ਅਮੀਰਾਂ ਲਈ ਵਧਾਇਆ ਅਤੇ ਗ਼ਰੀਬਾਂ ਲਈ ਘੱਟ ਕਰ ਦਿੱਤਾ ਗਿਆ ਹੈ। ਆਮ ਆਦਮੀ ਵੱਲ ਪਹੁੰਚ ਦਾ ਉਦੋਂ ਪਤਾ ਲੱਗ ਗਿਆ ਸੀ ਜਦੋਂ ਸੁਪਰੀਮ ਕੋਰਟ ਦੇ ਆਦੇਸ਼ਾਂ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਗੋਦਾਮਾਂ ਵਿੱਚ ਅਤੇ ਖੁੱਲ੍ਹੇ ਅਸਮਾਨ ਥੱਲੇ ਪਏ ਅਨਾਜ ਨੂੰ ਗ਼ਰੀਬਾਂ ਵਿੱਚ ਵੰਡਣ ਦੀ ਬਜਾਏ ਸੜਦੇ ਰਹਿਣ ਨੂੰ ਤਰਜੀਹ ਦਿੱਤੀ ਗਈ।

ਭਾਰਤ ਵਿੱਚ ਅੱਜ-ਕੱਲ੍ਹ ਸੇਵਾ ਖੇਤਰ ਕੁੱਲ ਰਾਸ਼ਟਰੀ ਆਮਦਨ ਵਿੱਚ ਲਗਭਗ 60 ਫ਼ੀਸਦੀ ਹਿੱਸਾ ਪਾ ਰਿਹਾ ਹੈ। ਆਮ ਆਦਮੀ ਦੀ ਬਿਹਤਰੀ ਦੇ ਦਾਅਵੇ ਦੇ ਉਲਟ ਆਉਣ ਵਾਲੇ ਵਿੱਤੀ ਸਾਲ ਲਈ ਸੇਵਾ ਕਰ ਅਤੇ ਐਕਸਾਈਜ਼ ਡਿਊਟੀ ਵਿੱਚ 2 ਫ਼ੀਸਦੀ ਵਾਧਾ ਕੀਤਾ ਗਿਆ ਹੈ। ਇਸ ਵਾਧੇ ਦੇ ਨਤੀਜੇ ਵੱਲੋਂ ਮਹਿੰਗਾਈ ਦਾ ਵਧਣਾ ਯਕੀਨੀ ਹੈ ਜਿਸ ਦੀ ਮਾਰ ਆਮ ਆਦਮੀ ਉੱਪਰ ਹੀ ਪੈਣੀ ਹੈ। ਇਸ ਦੇ ਉਲਟ ਕਾਰਪੋਰੇਟ ਕਰ ਦਰਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ, ਸਗੋਂ ਕਾਰਪੋਰੇਟ ਖੇਤਰ ਨੂੰ ਸਸਤੀਆਂ ਦਰਾਂ ਉੱਪਰ ਕਰਜ਼ਾ ਮੁਹੱਈਆ ਕਰਾਉਣ ਦੀ ਗੱਲ ਕਹੀ ਗਈ ਹੈ।

ਮੱਧਵਰਗੀ ਨੌਕਰੀਪੇਸ਼ਾ ਲੋਕਾਂ ਨੂੰ ਆਮਦਨ ਕਰ ਤੋਂ ਛੋਟ ਵਾਲੀ ਰਾਸ਼ੀ ਵਿੱਚ 20 ਹਜ਼ਾਰ ਰੁਪਏ ਦੇ ਕੇ, ਉਨ੍ਹਾਂ ਦੇ ਈ.ਪੀ.ਐਫ. ਉੱਪਰ ਮਿਲਣ ਵਾਲੀ ਵਿਆਜ ਦਰ ਨੂੰ 9.5 ਫ਼ੀਸਦੀ ਤੋਂ ਘਟਾ ਕੇ 8.25 ਫ਼ੀਸਦੀ ਕਰ ਦਿੱਤਾ ਗਿਆ ਹੈ ਜੋ ਕਿ ਪਿਛਲੇ 1 ਦਹਾਕੇ ਵਿੱਚ ਸਭ ਤੋਂ ਨੀਵੀਂ ਦਰ ਹੈ ਜਿਸ ਨਾਲ 4.7 ਕਰੋੜ ਕਰਮਚਾਰੀ ਪਰਿਵਾਰਾਂ ਦੇ ਤਕਰੀਬਨ 20-22 ਲੱਖ ਲੋਕਾਂ ਨੂੰ ਘਟੀ ਹੋਈ ਆਮਦਨ ਦੀਆਂ ਤਕਲੀਫ਼ਾਂ ਝੱਲਣ ਲਈ ਮਜ਼ਬੂਰ ਕੀਤਾ ਗਿਆ ਹੈ। ਇਸ ਤਰ੍ਹਾਂ ਆਮ ਆਦਮੀ ਦੀ ਬਿਹਤਰੀ ਦਾ ਢਿੰਡੋਰਾ ਪਿੱਟ ਕੇ, ਬਿਹਤਰੀ ਖ਼ਾਸ ਆਦਮੀ (ਖੁਸ਼ਹਾਲ ਲੋਕ) ਦੀ ਹੀ ਕੀਤੀ ਜਾ ਰਹੀ ਹੈ। ਬਜਟ ਤਜਵੀਜ਼ਾਂ ਵਿੱਚ ਇੱਕ ਤਜਵੀਜ਼ ਕੱਚੇ ਖਣਿਜ ਤੇਲ ਉਤਪਾਦਨ ਉੱਪਰ ਲਗਾਏ ਜਾਣ ਵਾਲੇ ਸੈੱਸ ਵਿੱਚ ਕਾਫ਼ੀ ਵਾਧਾ ਕਰਨ ਦੀ ਹੈ। ਇਸ ਦਾ ਸਿੱਧਾ ਅਸਰ ਖਣਿਜ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਦੇ ਨਤੀਜੇ ਵਜੋਂ ਮਹਿੰਗਾਈ ਦੇ ਰੂਪ ਵਿੱਚ ਆਮ ਆਦਮੀ ਨੂੰ ਝੱਲਣਾ ਪਵੇਗਾ। ਇਸ ਤੋਂ ਬਿਨਾਂ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਬਹੁ-ਮਾਰਕਾ ਪਰਚੂਨ ਵਪਾਰ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਪ੍ਰਵਾਨਗੀ ਦਾ ਵਾਅਦਾ ਵੀ ਕੀਤਾ ਗਿਆ ਹੈ ਜੋ ਕਿਸੇ ਵੀ ਤਰ੍ਹਾਂ ਪਰਚੂਨ ਵਿਕਰੇਤਾਵਾਂ, ਨਿਮਨ ਕਿਸਾਨਾਂ, ਗ਼ਰੀਬਾਂ ਅਤੇ ਦੇਸ਼ ਦੇ ਹੱਕ ਵਿਚੱ ਨਹੀਂ ਹੈ।

ਅਰਜਨ ਸੇਨਗੁਪਤਾ ਦੇ ਅਧਿਐਨ ਦੇ ਅਨੁਸਾਰ ਭਾਰਤ ਵਿੱਚ 77 ਫ਼ੀਸਦੀ ਲੋਕ ਸਿਰਫ਼ 20 ਰੁਪਏ ਰੋਜ਼ਾਨਾ ਖ਼ਰਚਣ ਦੀ ਸਮਰੱਥਾ ਹੀ ਰੱਖਦੇ ਹਨ। ਇਸ ਤੱਥ ਤੋਂ ਭਾਰਤ ਵਿੱਚ ਗ਼ਰੀਬਾਂ ਦੀ ਗਿਣਤੀ ਅਤੇ ਫ਼ੀਸਦੀ ਦਾ ਅੰਦਾਜ਼ਾ ਲਾਉਣ ਵਿੱਚ ਕੋਈ ਮੁਸ਼ਕਿਲ ਨਹੀਂ ਆਉਣੀ ਚਾਹੀਦੀ। ਇੱਕ ਅਧਿਐਨ ਅਨੁਸਾਰ ਭਾਰਤ ਵਿੱਚ 42 ਫ਼ੀਸਦੀ ਬੱਚੇ ਕੁਪੋਸ਼ਣ (ਅਸਲ ਵਿੱਚ ਭੁੱਖਮਰੀ) ਦਾ ਸ਼ਿਕਾਰ ਹਨ। ਇਸ ਦੀ ਸਭ ਤੋਂ ਵੱਧ ਮਾਰ ਮੁਸਲਿਮ ਅਤੇ ਅਨੁਸੂਚਿਤ ਤੇ ਜਨਜਾਤੀਆਂ ਦੇ ਬੱਚਿਆਂ ਉੱਪਰ ਪੈ ਰਹੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨੇ ਇਸ ਸਬੰਧ ਵਿੱਚ ਕਿਹਾ ਸੀ ਕਿ ਇਸ ਤਰ੍ਹਾਂ ਦਾ ਤੱਥ ਭਾਰਤੀ ਕੌਮ ਲਈ ਸ਼ਰਮ ਵਾਲੀ ਗੱਲ ਹੈ। ਅਸਲੀਅਤ ਵਿੱਚ ਇਹ ਸ਼ਰਮ ਦੇਸ਼ ਉੱਪਰ ਰਾਜ ਕਰਨ ਵਾਲੇ ਅਤੇ ਕਾਰਪੋਰੇਟ ਜਗਤ/ਖੁਸ਼ਹਾਲ ਲੋਕਾਂ ਅਤੇ ਸਰਕਾਰੀ/ਦਰਬਾਰੀ/ਜੁਗਾੜੀ ਅਰਥਵਿਗਿਆਨੀਆਂ ਅਤੇ ਕਾਰਪੋਰੇਟ ਜਗਤ ਦੇ ਝਾੜੂਬਰਦਾਰਾਂ ਨੂੰ ਆਉਣੀ ਚਾਹੀਦੀ ਹੈ ਜੋ ਆਪਣੇ ਨਿੱਜੀ, ਬੇਲੋੜੇ ਅਤੇ ਬੇਮਾਅਨੇ ਹਿੱਤਾਂ ਦੀ ਪੂਰਤੀ ਲਈ ਦੇਸ਼ ਦੀ ਉੱਚੀ ਆਰਥਿਕ ਵਿਕਾਸ ਦਰ ਦੇ ਸੋਹਲੇ ਦਿਨ-ਰਾਤ ਉੱਚੀ-ਉੱਚੀ ਗਾਉਂਦੇ ਨਹੀਂ ਥੱਕਦੇ।

ਸਮੇਂ ਦੀ ਲੋੜ ਹੈ ਕਿ ਦੇਸ਼ ਦੇ ਆਰਥਿਕ ਵਿਕਾਸ ਮਾਡਲ ਨੂੰ ਆਮ ਆਦਮੀ ਪੱਖੀ ਬਣਾਇਆ ਜਾਵੇ ਅਤੇ ਬਜਟ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਿੱਤ ਦਾ ਪ੍ਰਬੰਧ ਹੋਵੇ ਜਿਸ ਨਾਲ ਦੇਸ਼ ਵਿੱਚ ਸਾਰੇ ਕੰਮ ਕਰਨ ਵਾਲਿਆਂ ਲਈ ਰੁਜ਼ਗਾਰ ਦਾ ਪ੍ਰਬੰਧ ਹੋ ਸਕੇ ਅਤੇ ਇਸ ਦੇ ਨਤੀਜੇ ਵਜੋਂ ਆਮ ਆਦਮੀ ਨੂੰ ਭਾਰਤੀ ਹੋਣ ਉੱਤੇ ਮਾਣ ਹੋ ਸਕੇ।

> ਸਮਾਜਵਾਦ ਆਪਣੀ ਜਵਾਨ ਅਵਸਥਾ ਵਿਚ ਹੈ ਹਾਲਾਂਕਿ ਇਤਿਹਾਸ ਦਾ ਰਸਤਾ ਬੜਾ ਲੰਬਾ ਹੈ ਇਸ ਦੇ ਕਈ ਹਿੱਸੇ ਅਣਜਾਣੇ ਹੋਏ ਹਨ ਪ੍ਰੰਤੂ ਇਕ ਨਵੇਂ ਬਰਾਬਰਤਾ ਵਾਲੇ ਸਮਾਜ ਨੂੰ ਨਿਰਮਾਣ ਕਰਦਿਆਂ ਜੋ ਵਿਅਕਤੀ ਉਸ ਵਿਚ ਸ਼ਾਮਲ ਹੁੰਦਾ ਹੈ ਉਹ ਆਪਣਾ ਵੀ ਇਕ ਨਵਾਂ ਹਕੀਕਤ ਉਪਰ ਆਧਾਰਤ ਨਿਰਮਾਣ ਕਰ ਰਿਹਾ ਹੁੰਦਾ ਹੈ ਅਤੇ ਨਵੇਂ ਇਨਸਾਨ ਦਾ ਹੀ ਨਿਰਮਾਣ ਹੋ ਰਿਹਾ ਹੁੰਦਾ ਹੈ।
>
> – ਚੀ ਗਵੇਰਾ

# ਆਓ ਭਗਤ ਸਿੰਘ ਦੇ ਸੋਚਣ ਢੰਗ ਨੂੰ ਮਹਿਸੂਸ ਕਰੀਏ



ਪੰਜਾਬ ਦੇ ਸਮੁੱਚੇ ਪਹਿਲੂਆਂ ਨੂੰ ਜਿਸ ਬਾਰੀਕੀ ਨਾਲ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨੇ ਫੜਿਆ ਹੈ ਉਹ ਆਪਣੇ ਆਪ ਵਿਚ ਮੁੱਲਵਾਨ ਹੈ। ਉਸ ਨੇ ਤਾਂ ਇਥੋਂ ਤੱਕ ਮਜ਼ਬੂਰ ਹੋ ਕੇ ਕਹਿ ਦਿੱਤਾ ਪੰਜਾਬ ਦਾ ਕਿਸਾਨ ਜਿਸ ਦਾ ਕਿ ਬੜਾ ਸ਼ਾਨਦਾਰ ਇਤਿਹਾਸਕ ਵਿਰਸਾ ਸੀ ਉਹ ਜਿਸ ਕਿਸਮ ਨਾਲ ਅਜੋਕੇ ਸੰਕਟ ਨਾਲ ਮੜਿਕਣ ਦੀ ਥਾਂ ਖੁਦਕਸ਼ੀਆਂ ਦੇ ਰਾਹ 'ਤੇ ਪੈ ਗਿਆ ਹੈ ਇਸ ਸਵਾਲ ਦਾ ਜਵਾਬ ਭਗਤ ਸਿੰਘ ਦੇ ਸੋਚਣ ਢੰਗ ਰਾਹੀਂ ਲੱਭਿਆ ਜਾ ਸਕਦਾ ਹੈ। ਭਗਤ ਸਿੰਘ ਦੀ ਵਿਚਾਰਧਾਰਕ ਪ੍ਰੰਪਰਾ ਨੂੰ ਪੰਜਾਬ ਵਿਚ ਸਥਾਪਤ ਕਰਨਾ ਆਧੁਨਿਕ ਸਮਿਆਂ ਦੀ ਸਭ ਤੋਂ ਵੱਡੀ ਲੋੜ ਹੈ।

ਜੇਲ੍ਹ ਤੋਂ ਬਾਹਰ ਇਕੱਠੀ ਹੋਈ ਭੀੜ ਦਾ ਰੌਲਾ, ਜੇਲ੍ਹ ਦੀਆਂ ਉਚੀਆਂ ਕੰਧਾਂ ਉਲੰਘ ਕੇ ਅੰਦਰ ਸੁਣਾਈ ਦੇ ਰਿਹਾ ਹੈ।

ਕੁਝ ਦੇਰ ਬਾਅਦ ਵਾਰਡਨ ਉਨ੍ਹਾਂ ਨੂੰ ਕੋਠੜੀਆਂ ਅੰਦਰ ਹੀ ਜੇਲ੍ਹ ਨਿਯਮ ਅਨੁਸਾਰ ਕਾਲੇ ਕੱਪੜੇ ਪਹਿਨਣ ਲਈ ਦੇ ਜਾਂਦਾ ਹੈ।

ਭਗਤ ਸਿੰਘ ਪੁਸਤਕ ਪੜ੍ਹਨ ਵਿਚ ਮਸਤ ਹੈ।

ਜਦੋਂ ਜੇਲ੍ਹ ਅਧਿਕਾਰੀ ਕੋਠੜੀ ਦੇ ਸਾਹਮਣੇ ਆਣ ਕੇ ਤਾਲਾ ਖੁਲ੍ਹਵਾ ਕੇ ਕਹਿੰਦਾ ਹੈ:

– ਸਰਦਾਰ ਜੀ, ਫਾਂਸੀ ਲੱਗਣ ਦਾ ਹੁਕਮ ਆਇਆ ਹੈ, ਤਿਆਰ ਹੋ ਜਾਓ...।'

– ਠਹਿਰੋ!....ਅੱਖਾਂ ਪੁਸਤਕ ਉਪਰ ਹੀ ਗੱਡੀ, ਭਗਤ ਸਿੰਘ ਇਕ ਹੱਥ ਖੜ੍ਹਾ ਕਰਕੇ ਉੱਚੀ ਆਵਾਜ਼ ਵਿਚ ਰੋਕਦਾ ਹੈ।.... ਇਕ ਇਨਕਲਾਬੀ

ਵਿਚਾਰਧਾਰਕ ਨਤੀਜੇ ਸਿਰਫ਼ ਸਿਧਾਂਤਾਂ ਅਤੇ ਵਿਚਾਰਾਂ 'ਚੋਂ ਹੀ ਨਹੀਂ ਖੋਜੇ ਜਾਂਦੇ ਬਲਕਿ ਮਨੁੱਖਾਂ ਦੇ ਆਪਸੀ ਸਬੰਧਾਂ ਉਨ੍ਹਾਂ ਦੇ ਜਮਾਤੀ ਸੰਘਰਸ਼ਾਂ ਅਤੇ ਉਨ੍ਹਾਂ ਦੇ ਸਮਿਆਂ ਦੀਆਂ ਇਤਿਹਾਸਕ ਲਹਿਰਾਂ ਵਿਚੋਂ ਖੋਜਾਂ ਜਾਂਦੇ ਹਨ ਜਿਹੜੀਆਂ ਉਨ੍ਹਾਂ ਦੀਆਂ ਨਜ਼ਰਾਂ ਦੇ ਸਾਹਮਣੇ ਚਲ ਰਹੀਆਂ ਹੁੰਦੀਆਂ ਹਨ।

– ਕਮਿਊਨਿਸਟ ਮੈਨੀਫੈਸਟੋ

ਦੂਸਰੇ ਇਨਕਲਾਬੀ ਨੂੰ ਮਿਲ ਰਿਹਾ ਹੈ। ਤੇ ਉਹ ਫਿਰ ਪੁਸਤਕ ਪੜ੍ਹਨ ਲੱਗਦਾ ਹੈ।

ਜੇਲ੍ਹਰ ਹੈਰਾਨ ਹੈ, ਗਿਆਨ ਪ੍ਰਾਪਤ ਕਰਨ ਦੀ ਇਹ ਕੇਹੀ ਲਾਲਸਾ ਹੈ, ਨਾ ਇਸ ਨੂੰ ਮੌਤ ਦਾ ਡਰ ਹੈ, ਨਾ ਆਪਣਿਆਂ ਤੋਂ ਵਿਛੜਨ ਦੀ ਉਦਾਸੀ ਹੈ, ਇਹ ਕੇਹਾ ਕਾਨੂੰਨ ਹੈ, ਮੈਂ ਤਾਂ ਅਜਿਹੇ ਨੌਜਵਾਨ ਕਦੇ ਨਹੀਂ ਦੇਖੇ।.....

ਕਾਂਡ ਖ਼ਤਮ ਕਰਕੇ, ਭਗਤ ਸਿੰਘ ਕਿਤਾਬ ਇਕ ਪਾਸੇ ਰੱਖ ਕੇ ਕਹਿੰਦਾ ਹੈ, 'ਚਲੋ, ਮੈਂ ਤਿਆਰ ਹਾਂ।'....ਤੇ ਉਠ ਖੜ੍ਹਦਾ ਹੈ।

– ਸਰਦਾਰ ਜੀ, ਜੇਲ੍ਹ ਪ੍ਰੰਪਰਾ ਅਤੇ ਨਿਯਮ ਅਨੁਸਾਰ ਤੁਹਾਨੂੰ ਕਾਲੇ ਕੱਪੜੇ ਪਹਿਨਣੇ ਹੋਣਗੇ।' ਜੇਲ੍ਹ ਅਧਿਕਾਰੀ ਨਿਮਰਤਾ ਨਾਲ ਆਖਦਾ ਹੈ।

– ਜਨਾਬ, ਨਾ ਤਾਂ ਅਸੀਂ ਡਾਕੂ ਹਾਂ, ਨਾ ਹੀ ਆਮ ਅਪਰਾਧੀ ਹਾਂ। ਅਸੀਂ ਰਾਜਸੀ ਕੈਦੀ ਤੇ ਇਨਕਲਾਬੀ ਹਾਂ। ਸਰਕਾਰ ਵਿਰੁੱਧ ਲੜੇ ਹਾਂ। ਅਸੀਂ ਕਾਲੇ ਕੱਪੜੇ ਨਹੀਂ ਪਹਿਨਾਂਗੇ।' ਭਗਤ ਸਿੰਘ ਸਖਤ ਬੋਲਾਂ ਵਿਚ ਇਤਰਾਜ਼ ਕਰਦਾ ਹੈ।

ਸਮਾਂ ਤੇਜ਼ੀ ਨਾਲ ਗੁਜ਼ਰ ਰਿਹਾ ਹੈ।ਜੇਲ੍ਹ ਅਧਿਕਾਰੀ ਖਾਨ ਬਹਾਦਰ ਅਕਬਰ ਖਾਨ ਕੋਲ ਦੌੜਦਾ ਜਾਂਦਾ ਹੈ।ਸਭ ਜਾਣਦੇ ਹਨ, ਭਗਤ ਸਿੰਘ ਤੇ ਉਸਦੇ ਸਾਥੀ, ਖਾਨ ਬਹਾਦਰ ਦੀ ਗੱਲ ਮੰਨ ਲੈਂਦੇ ਹਨ।

ਖ਼ਾਨ ਬਹਾਦਰ ਲਈ ਇਹ ਬੜੇ ਸੰਕਟ ਦੀ ਘੜੀ ਹੈ।.... ਉਹ ਨਹੀਂ ਸੀ ਚਾਹੁੰਦਾ ਹੁਣ ਮੈਂ ਉਨ੍ਹਾਂ ਦੇ ਸਾਹਮਣੇ ਜਾਵਾਂ।ਉਸ ਕੋਲੋਂ ਇਨ੍ਹਾਂ ਮੁੰਡਿਆਂ ਦੀਆਂ ਅੱਖਾਂ ਵਿਚ ਵੇਖਿਆ ਹੀ ਨਹੀਂ ਜਾਣਾ।ਪਰ ਸਥਿਤੀ ਅਜਿਹੀ ਆ ਬਣੀ।.... ਉਹ ਡੋਲਦੇ ਮਨ ਅਤੇ ਦੁਖੀ ਹਿਰਦੇ ਨਾਲ ਉਹਨਾਂ ਪਾਸ ਆਉਂਦਾ ਹੈ।....'ਛੇਕੜਲੇ ਸਮੇਂ, ਮੇਰੀ ਸਥਿਤੀ ਨੂੰ ਹੋਰ ਤਰਸਯੋਗ ਨਾ ਬਣਾਓ....ਬਰਖ਼ੁਰਦਾਰੋ।'

– ਠੀਕ ਹੈ, ਖਾਨ ਬਹਾਦਰ, ਆਪ ਦੇ ਕਹਿਣ ਤੇ ਅਸੀਂ ਕਾਲੇ ਕੱਪੜੇ ਪਹਿਨ ਲਵਾਂਗੇ, ਪਰ ਆਪਣੇ ਮੂੰਹ ਉਪਰ ਕਾਲੇ ਟੋਪ ਨਹੀਂ ਪਾਵਾਂਗੇ।' ... ਭਗਤ ਸਿੰਘ ਸ਼ਰਤ ਰੱਖਦਾ ਹੈ।

ਉਹਨਾਂ ਦੀ ਸ਼ਰਤ ਜੇਲ੍ਹ ਅਧਿਕਾਰੀ ਮੰਨ ਲੈਂਦੇ ਹਨ।

ਪੌਣੇ ਸੱਤ ਵੱਜ ਗਏ ਹਨ।

ਸੁਪਰਡੈਂਟ ਜੇਲ੍ਹ, ਮਿਸਟਰ ਚੋਪੜਾ, ਆਈ. ਜੀ. ਪੁਲਿਸ, ਡੀ. ਸੀ. ਲਾਹੌਰ ਤੇ ਆਈ. ਜੀ. ਸਭ ਫਾਂਸੀ ਦੀ ਥਾਂ ਉਪਰ ਪਹੁੰਚ ਗਏ ਹਨ।

ਉਧਰ ਸੁਖਦੇਵ, ਰਾਜਗੁਰੂ ਅਤੇ ਭਗਤ ਸਿੰਘ ਨੂੰ ਕੋਠੜੀਆਂ ਤੋਂ ਬਾਹਰ ਲੈ ਆਂਦਾ ਹੈ।

ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਜੀਵਨ ਤੇ ਸੰਘਰਸ਼ ਗਾਥਾ ਜਾਣਨ ਦੀ ਹਰ ਇਕ ਨੂੰ ਇਛਾ ਹੁੰਦੀ ਹੈ ਭਾਵੇਂ ਉਹ ਸਾਡੇ ਮਨਾਂ ਦੇ ਬਹੁਤ ਨੇੜੇ ਹਨ ਪਰ ਉਨ੍ਹਾਂ ਨੂੰ ਪੂਰੀ ਤਰ੍ਹਾਂ ਸਮਝਣਾ ਬਹੁਤ ਹੀ ਜ਼ਰੂਰੀ ਹੈ ਤਾਂ ਜੋ ਜਿਹੜੀਆਂ ਪੱਕੀਆਂ ਨੀਹਾਂ ਉਹ ਉਸਾਰ ਗਏ ਹਨ ਉਨ੍ਹਾਂ 'ਤੇ ਉਨ੍ਹਾਂ ਦੇ ਅਕੀਦੇ ਦਾ ਹੀ ਸਮਾਜ ਸਿਰਜਿਆ ਜਾ ਸਕੇ।ਇਹੀ ਰਮਜ਼ ਹੈ ਆਪਣੇ ਇਤਿਹਾਸ ਨੂੰ ਚੰਗੀ ਤਰ੍ਹਾਂ ਜਾਣਨ ਦੀ। ਅੱਜ ਦੇ ਦੌਰ ਵਿਚ ਜਦ ਹਰ ਪਾਸੇ ਨਿਰਾਸ਼ਾ ਹੀ ਛਾਈ ਹੈ, ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਤੋਂ ਪ੍ਰੇਰਣਾ ਲੈ ਕੇ ਅੱਗੇ ਭਵਿੱਖ ਦੀਆਂ ਮੰਜ਼ਿਲਾਂ ਨੂੰ ਸਰ ਕੀਤਾ ਜਾਂਦਾ ਹੈ।ਠੀਕ ਉਸੇ ਤਰ੍ਹਾਂ, ਜਿਵੇਂ 19 ਸਾਲਾਂ ਦੇ ਮਹਾਨ ਇਨਕਲਾਬੀ ਕਰਤਾਰ ਸਿੰਘ ਸਰਾਭਾ ਤੋਂ ਭਗਤ ਸਿੰਘ ਨੇ ਪ੍ਰੇਰਣਾ ਲਈ, ਆਪੇ ਵਿਚ ਯਕੀਨ ਨੂੰ ਦ੍ਰਿੜ੍ਹਾਇਆ ਅਤੇ ਉਸੇ ਤਰ੍ਹਾਂ ਦੀ ਜੀਵਨ ਜਾਚ ਜੀਅ ਕੇ ਨਵੇਂ ਪੈਂਤੜੇ ਪਾਏ।ਭਗਤ ਸਿੰਘ ਦਾ ਇਹ ਕਹਿਣਾ ਕਿ ਮੇਰੇ ਸਾਥੀਆਂ ਦੀ ਕੁਰਬਾਨੀ, ਪਾਰਟੀ ਦੇ ਅਸੂਲਾਂ ਅਤੇ ਉਨ੍ਹਾਂ 'ਤੇ ਦਲੇਰੀ ਨਾਲ ਪਹਿਰਾ ਦੇਣ ਲਈ ਹੀ ਮੈਨੂੰ ਇਨਕਲਾਬ ਦਾ ਚਿੰਨ੍ਹ ਬਣਾ ਹੈ।ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਬੜੀਆਂ ਗਹਿਰਾਂ ਰਮਜਾਂ ਛੱਡ ਗਏ ਹਨ, ਜਿਨ੍ਹਾਂ ਨੂੰ ਸਮਝਣਾ ਅੱਜ ਦੀ ਬਹੁਤ ਵੱਡੀ ਜ਼ਰੂਰਤ ਹੈ।ਭਗਤ ਸਿੰਘ ਦੇ ਕਹੇ ਸ਼ਬਦਾਂ ਮੁਤਾਬਕ ਵਿਚਾਰਾਂ ਨੂੰ ਸਹੀ ਢੰਗ ਨਾਲ ਸਮਝਣਾ ਅਤੇ ਲਾਗੂ ਕਰਨਾ ਸਮੇਂ ਦੀ ਚੇਤਨਤਾ ਦਾ ਪ੍ਰਤੀਕ ਹੁੰਦਾ ਹੈ ਅਤੇ ਭਵਿੱਖ ਦੀਆਂ ਸਮੱਸਿਆਵਾਂ ਨਾਲ ਜੂਝਣ ਦੇ ਕਾਬਲ ਬਣਾਉਂਦਾ ਹੈ।

- ਪ੍ਰੋ. ਜਗਮੋਹਨ ਸਿੰਘ (ਭਾਣਜਾ ਸ਼ਹੀਦ ਭਗਤ ਸਿੰਘ)

ਤਿੰਨਾਂ ਨੇ ਇਕ ਦੂਸਰੇ ਦੀਆਂ ਬਾਹਾਂ ਵਿਚ ਬਾਹਾਂ ਪਾ ਲਈਆਂ ਹਨ।

ਸ਼ਾਮ ਦੇ ਇਸ ਘੁਸਮੁਸੇ ਵਿਚ, ਜੇਲ੍ਹ ਦੇ ਸਾਰੇ ਕੈਦੀ, ਸਾਹ ਰੋਕ ਕੇ, ਕਿਸੇ ਹੋਣ ਦੀ ਉਡੀਕ ਕਰ ਰਹੇ ਹਨ।ਹੁਣ ਅਚਾਨਕ ਉਨ੍ਹਾਂ ਨੂੰ ਪੈੜ ਚਾਲ ਸੁਣਦੀ ਹੈ, ਫਿਰ ਜੇਲ੍ਹ ਦੀ ਫਿਜ਼ਾ ਵਿਚ ਤਿੰਨਾਂ ਦੇ ਸਾਂਝੇ ਗਾਉਣ ਦੀ ਆਵਾਜ਼ ਤੈਰਨ ਲੱਗਦੀ ਹੈ।

ਕਭੀ ਵੁਹ ਦਿਨ ਭੀ ਆਏਂਗੇ, ਜਦ ਆਜ਼ਾਦ ਹਮ ਹੋਂਗੇ,<br>ਯਹ ਅਪਨੀ ਹੀ ਜ਼ਮੀਂ ਹੋਗੀ, ਜਬ ਅਪਨਾ ਆਸਮਾਂ ਹੋਗਾ।<br>ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ

ਵਿਅਕਤੀ ਸਮਾਜਵਾਦੀ ਵਿਚਾਰਾਂ ਵਿਚ ਇਸ ਕਰਕੇ ਨਹੀਂ ਆਉਂਦਾ ਕਿ ਇਹ ਬੜੇ ਵਧੀਆ ਹਨ ਬਲਕਿ ਇਸ ਕਰਕੇ ਇਸ ਰਸਤੇ 'ਤੇ ਆਉਂਦੇ ਹੈ ਕਿਉਂਕਿ ਉਸ ਨੂੰ ਪੂੰਜੀਵਾਦੀ ਪ੍ਰਬੰਧ ਦੀਆਂ ਵਿਰੋਧਤਾਈਆਂ ਲਗਾਤਾਰ ਭੈੜੀਆਂ ਤੇ ਨਾ ਰਹਿਣਯੋਗ ਹਾਲਤਾਂ ਵਿਚ ਸੁੱਟਦੀਆਂ ਤੁਰੀਆਂ ਜਾਂਦੀਆਂ ਹਨ।ਹਾਲਾਂਕਿ ਕਈ ਕਿਸਮ ਦੀਆਂ ਹਾਰਾਂ, ਵਾਰ ਵਾ ਹਾਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪ੍ਰੰਤੂ ਇਕ ਸਮਾਜਵਾਦੀ ਇਨਸਾਨ ਜੋ ਕਿ ਅਜੋਕੇ ਸਮਿਆਂ ਵਿਚ ਪੈਦਾ ਹੋਇਆ ਹੈ ਉਸ ਨੂੰ ਆਪਣੀ ਪ੍ਰਤੀਬੱਧਤਾ ਉਪਰ ਨਿਸਚਾ ਹੋਣਾ ਚਾਹੀਦਾ ਹੈ।ਜਿਸ ਦੀ ਕਿ ਅਜੋਕੇ ਸਮਿਆਂ ਵਿਚ ਸਭ ਤੋਂ ਵੱਧ ਲੋੜ ਹੈ।

– ਰਾਏਮੰਡ ਵਿਲੀਅਮ

**ਸਿਰੜੀ ਅਤੇ ਅਣਖੀਲੇ ਸੰਗਰਾਮੀਆਂ ਦੇ ਪਰਿਵਾਰ ਵਿਚੋਂ ਇਨਕਲਾਬ ਦੀ ਪਾਹੁਲ ਭਗਤ ਸਿੰਘ ਨੂੰ ਬਚਪਨ ਵਿਚ ਹੀ ਮਿਲ ਗਈ ਸੀ। ਉਦੋਂ ਹੀ ਉਸਦੀਆਂ ਸੋਚਾਂ ਵਿਚ ਇਹ ਵਿਚਾਰਧਾਰਾ ਪਣਪਣ ਲੱਗੀ ਸੀ ਕਿ ਇਸ ਦੁਨੀਆ ਵਿਚ ਅਨਿਆਂ, ਜ਼ੁਲਮ, ਨਾਬਰਾਬਰੀ ਕਿਉਂ ਹੈ। ਇਸ ਸੰਸਾਰ ਵਿਚ ਲੁੱਟ ਖਸੁੱਟ ਦਾ ਹੀ ਬੋਲਬਾਲਾ ਕਿਉਂ ਹੈ ?ਆਖਿਰ ਉਹ ਕਿਹੜੀਆਂ ਤਾਕਤਾਂ ਹਨ ਜੋ ਲੋਕ ਦੋਖੀ ਹਨ।ਉਨ੍ਹਾਂ ਦੀ ਪਹਿਚਾਣ ਕੀ ਹੈ।ਅਜਿਹੀਆਂ ਸੋਚਾਂ ਨੇ ਹੀ ਉਸ ਨੂੰ ਦਗਦੇ ਅੰਗਿਆਰਾਂ 'ਤੇ ਤੁਰਨ ਦੀ ਊਰਜਾ ਪ੍ਰਦਾਨ ਕੀਤੀ। ਸੰਨ 1919 ਦੀ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ ਵਿਚ ਬਰਤਾਨੀਆ ਹਾਕਮਾਂ ਨੇ ਜੋ ਕਹਿਰ ਮਚਾਇਆ ਉਸ ਦੀ ਗੂੰਜ ਸਾਰੀ ਦੁਨੀਆ ਵਿਚ ਪਈ। ਇਸ ਖੂਨੀ ਵਿਸਾਖੀ ਤੋਂ ਅਗਲੇ ਦਿਨ ਭਗਤ ਸਿੰਘ ਜਲ੍ਹਿਆਂ ਵਾਲੇ ਬਾਗ ਗਿਆ ਅਤੇ ਨਿਰਦੋਸ਼ਾਂ ਦੀ ਲਹੂ ਮਿੱਟੀ ਲੈ ਕੇ ਵਾਪਸ ਆਇਆ।ਇਸ ਖੂਨੀ ਕਾਂਡ ਨੇ ਉਸ ਦੇ ਅੰਦਰ ਦੀ ਅੱਗ ਨੂੰ ਹੋਰ ਭੜਕਾਇਆ ਤੇ ਬਰਤਾਨਵੀ ਹੁਕਮਰਾਨਾਂ ਪ੍ਰਤੀ ਉਸ ਦਾ ਰੋਹ ਜਾਗ ਉਠਿਆ।**

**- ਡਾ. ਪਰਮਜੀਤ ਢੀਂਗਰਾ**

ਵਤਨ ਪਰ ਮਿਟਣੇ ਵਾਲੋਂ ਕਾ, ਯਹੀ ਬਾਕੀ ਨਿਸ਼ਾਂ ਹੋਗਾ।

ਤਿੰਨੋਂ ਨਾਅਰੇ ਲਾਉਣ ਲੱਗਦੇ ਹਨ।.....ਇਨਕਲਾਬ ਜ਼ਿੰਦਾਬਾਦ, ਡਾਊਨ ਡਾਊਨ ਯੂਨੀਅਨ ਜੈਕ,....ਬਰਤਾਨਵੀ ਸਾਮਰਾਜ ਮੁਰਦਾਬਾਦ....।....

ਨਾਅਰਿਆਂ ਦੀ ਆਵਾਜ਼...ਇਕ ਕੋਠੜੀ ਤੋਂ ਦੂਜੀ ਕੋਠੜੀ, ਕੋਠੜੀ ਤੋਂ ਬੈਰਕਾਂ ਤੇ ਫਿਰ ਅਗਾਂਹ....ਪੂਰੀ ਜੇਲ੍ਹ ਵਿਚ ਫੈਲ ਜਾਂਦੀ ਹੈ।....ਕੈਦੀ ਨਾਅਰਿਆਂ ਦਾ ਜਵਾਬ ਦਿੰਦੇ ਹਨ।.....ਬੈਰਕਾਂ ਗੂੰਜ ਉਠਦੀਆਂ ਹਨ।.....ਆਵਾਜ਼ ਜੇਲ੍ਹ ਦੀਆਂ ਕੰਧਾਂ ਤੋਂ ਬਾਹਰ ਖੜ੍ਹੇ ਹਜ਼ਾਰਾਂ ਲੋਕਾਂ ਤੱਕ ਜਾ ਪਹੁੰਚਦੀਆਂ ਹਨ।.....ਤੇ ਫਿਰ...ਸਾਰਾ ਲਾਹੌਰ ਕੰਬਣ ਲੱਗਦਾ ਹੈ।

ਉਹ ਫਿਰ ਗਾਉਣ ਲੱਗਦੇ ਹਨ :

ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਲ ਮੇਂ ਹੈ।

ਭਗਤ ਸਿੰਘ ਗਾਉਣ ਲਗਦਾ ਹੈ...ਮੇਰਾ ਰੰਗ ਦੇ ਬਸੰਤੀ ਚੋਲਾ....ਮਾਏ ਰੰਗ ਦੇ.....

ਬੈਰਕਾਂ ਅੰਦਰ ਕੈਦੀ ਗਾਉਣ ਲੱਗਦੇ ਹਨ।ਆਪਣੇ ਮਨਾਂ ਅੰਦਰ ਤਾਂ ਕੁਝ ਸਿਪਾਹੀ ਵੀ, ਉਨ੍ਹਾਂ ਦੇ ਨਾਲ ਨਾਲ ਗਾ ਰਹੇ ਹਨ।ਅਧਿਕਾਰੀ ਮੂਕ ਬਣੇ ਖੜ੍ਹੇ ਤਿੰਨਾਂ ਵੱਲ ਤੱਕਦੇ ਰਹਿੰਦੇ ਹਨ। ਹੈਰਾਨ ਹਨ, ਮੌਤ ਏਹ ਕੇਹਾ ਸਰੂਰ ਤਿੰਨਾਂ ਦੇ ਚਿਹਰਿਆਂ ਉਪਰ ਚਮਕਣ ਲੱਗਾ ਹੈ।

ਗਾਉਂਦੇ ਅਤੇ ਨਾਅਰੇ ਮਾਰਦੇ ਤਿੰਨੋਂ.....ਲਕੜੀ ਦੇ ਫੱਟਿਆਂ ਉਪਰ ਜਾ ਖੜ੍ਹਦੇ ਹਨ।ਭਗਤ ਸਿੰਘ ਵਿਚਕਾਰ ਹੈ।ਸੱਜੇ ਪਾਸੇ ਰਾਜਗੁਰੂ ਤੇ ਖੱਬੇ ਪਾਸੇ ਸੁਖਦੇਵ ਖੜ੍ਹਾ ਹੈ।ਪਹਿਲਾਂ ਤਿੰਨੋਂ ਇਕ ਦੂਸਰੇ ਨੂੰ ਗਲੇ ਮਿਲਦੇ ਹਨ। ਫਿਰ ਨਾਅਰੇ ਲਾਉਣ ਲੱਗਦੇ ਹਨ।.....ਬੈਰਕਾਂ ਵਿਚੋਂ ਨਾਅਰਿਆਂ ਦਾ ਜਵਾਬ ਸੁਣਦਾ ਹੈ।

ਭਗਤ ਸਿੰਘ ਜੇਲ੍ਹ ਅਧਿਕਾਰੀਆਂ ਦੀਆਂ ਅੱਖਾਂ ਵਿਚ ਤਕਦਾ ਗਾਉਣ ਲੱਗਦਾ ਹੈ।

ਤੇਗੋਂ ਕੇ ਸਾਏ ਮੇਂ, ਹਮ ਪਲ ਕਰ ਜਵਾਂ ਹੁਏ ਹੈਂ,
ਇਕ ਖੇਲ ਜਾਨਤੇ ਹੈਂ, ਫਾਂਸੀ ਪੇ ਝੂਲ ਜਾਨਾ ਹੈ।

ਸੁਖਦੇਵ ਅਤੇ ਰਾਜਗੁਰੂ ਵੀ ਭਗਤ ਸਿੰਘ ਨਾਲ ਗਾਉਣ ਲੱਗਦੇ ਹਨ।ਲਾਹੌਰ ਦਾ ਡਿਪਟੀ ਕਮਿਸ਼ਨਰ ਘਬਰਾ ਰਿਹਾ ਹੈ ਤੇ ਜੇਲ੍ਹਰ ਨੂੰ ਇਨ੍ਹਾਂ ਦੇ ਹੱਥ ਬੰਨ੍ਹਣ ਲਈ ਕਹਿੰਦਾ ਹੈ।ਇਹ ਸਭ ਭਗਤ ਸਿੰਘ ਵੇਖ ਰਿਹਾ ਹੈ। ਉਸਦੇ ਚਿਹਰੇ ਉਪਰ ਅਚਾਨਕ ਗੰਭੀਰਤਾ ਆ ਜਾਂਦਾ ਹੈ। ਉਹ ਬੁਲੰਦ ਆਵਾਜ਼ ਵਿਚ ਕਹਿੰਦਾ ਹੈ।

– ਮੈਜਿਸਟਰੇਟ ਸਾਹਿਬ, ਆਪ ਕਿਸਮਤ ਵਾਲੇ ਹੋ ਕਿ ਅੱਜ ਆਪ ਨੂੰ ਆਪਣੀਆਂ ਅੱਖਾਂ ਨਾਲ, ਇਹ ਦੇਖਣ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ ਕਿ ਭਾਰਤ ਦੇ ਇਨਕਲਾਬੀ ਕਿਸ ਤਰ੍ਹਾਂ ਖੁਸ਼ੀ ਖੁਸ਼ੀ ਆਪਣੇ ਉਚੇ ਆਦਰਸ਼ ਲਈ, ਮੌਤ ਨੂੰ ਵੀ ਗਲਵਕੜੀ ਪਾ ਸਕਦੇਹਨ।

ਮੈਜਿਸਟਰੇਟ ਸ਼ਰਮ ਮਹਿਸੂਸ ਕਰਦਾ ਨੀਵੀਂ ਪਾ ਲੈਂਦਾ ਹੈ।

ਤਿੰਨਾਂ ਦੇ ਸਿਰਾਂ ਉੱਪਰ ਫਾਂਸੀ ਦੇ ਫੰਦੇ ਲਟਕ ਰਹੇ ਹਨ।ਇਸ਼ਾਰਾ ਪਾ ਕੇ ਜੱਲਾਦ ਕੋਲ ਆਉਂਦਾ ਹੈ ਤਾਂ ਭਗਤ ਸਿੰਘ ਉਸ ਨੂੰ ਰੋਕ ਦਿੰਦਾ ਹੈ।ਫਿਰ ਤਿੰਨੋਂ ਪਹਿਲਾਂ ਆਪਣਾ-ਆਪਣਾ ਫੰਦਾ ਚੁੰਮਦੇ ਹਨ, ਫਿਰ ਗਲਾਂ ਵਿਚ ਪਾ ਲੈਂਦੇ ਹਨ, ਤਿੰਨੋਂ ਇਕੱਠੇ ਗਰਜਦੇ ਹਨ, ਇਨਕਲਾਬ ਜ਼ਿੰਦਾਬਾਦ.....ਸਾਮਰਾਜਵਾਦ ਮੁਰਦਾਬਾਦ।

ਫਿਰ ਭਗਤ ਸਿੰਘ....ਸਤੰਭ ਹੋਏ ਖੜ੍ਹੇ ਜੱਲਾਦ ਨੂੰ ਕਹਿੰਦਾ ਹੈ– 'ਮੇਹਰਬਾਨੀ ਕਰਕੇ, ਹੁਣ ਇਨ੍ਹਾਂ ਫੰਦਿਆਂ ਨੂੰ ਆਪ ਹੀ ਠੀਕ ਕਰ ਲੈ।'

ਤੁਹਾਡਾ ਹੁਕਮ ਸਿਰਫ਼ ਰੇਤ 'ਤੇ ਉਸਰਿਆ ਹੋਇਆ ਹੈ। ਸਾਡੇ ਵਿਚਾਰ ਸਾਡੇ ਦਿਮਾਗਾਂ ਵਿਚ ਇਸ ਤਰ੍ਹਾਂ ਦੇ ਨਵੇਂ ਸਮਾਜ ਦੀ ਸਿਰਜਨਾ ਨਾਲ ਲੈਸ ਹਨ ਉਹ ਵਾਰ ਵਾਰ ਸਾਨੂੰ ਆਵਾਜ਼ਾਂ ਪ੍ਰਦਾਨ ਕਰਦੇ ਨੇ ਕਿ ਅਸੀਂ ਇਸ ਵਿਚਾਰ ਦੇ ਮਾਲਕ ਸੀ ਅਸੀਂ ਹਾਂ ਅਤੇ ਅਸੀਂ ਸਦਾ ਰਹਾਂਗੇ।ਇਸ ਵਿਚਾਰ ਨੂੰ ਮਨੁੱਖੀ ਸਰੀਰ ਦੇ ਖਤਮ ਕਰਨ ਨਾਲ ਖਤਮ ਨਹੀਂ ਕੀਤਾ ਜਾ ਸਕਦਾ।

– ਰੋਜ਼ਾ ਲਗਸ਼ਮਬਰ

*ਇਕ ਦਿਨ ਪਹਿਲਾਂ ਸ਼ਹਾਦਤ ਪ੍ਰਾਪਤ ਕਰਨ ਤੋਂ (1919)*



ਮੁਰਦਾ ਜਿਹੇ ਹੋਏ, ਮਣ ਮਣ ਦੇ ਭਾਰੇ ਹੋਏ ਪੈਰਾਂ ਨਾਲ ਜੱਲਾਦ ਅਗਾਂਹ ਵਧਦਾ ਹੈ ਤੇ ਕੰਬਦੇ ਹੱਥਾਂ ਨਾਲ ਜਦੋਂ ਫੰਦੇ ਠੀਕ ਤਰ੍ਹਾਂ ਕਸਣ ਲੱਗਦਾ ਹੈ ਤਾਂ ਉਸਦੀਆਂ ਅੱਖਾਂ ਭਰ ਆਉਂਦੀਆਂ ਹਨ।ਫਿਰ ਹੇਠਾਂ ਆਣ ਕੇ ਉਹ ਮੈਜਿਸਟਰੇਟ ਦੇ ਇਸ਼ਾਰੇ ਦੀ ਉਡੀਕ ਕਰਨ ਲੱਗਦਾ ਹੈ।

ਮੈਜਿਸਟਰੇਟ ਦੀਆਂ ਅੱਖਾਂ ਆਪਣੀ ਘੜੀ ਦੀਆਂ ਸੂਈਆਂ ਉਪਰ ਹਨ।ਚੁਫੇਰੇ ਖਾਮੋਸ਼ੀ ਹੈ।ਸਾਹਾਂ ਤੱਕ ਦੀ ਆਵਾਜ਼ ਸੁਣਦੀ ਹੈ।ਦਿਲ ਧੜਕ ਰਹੇ ਹਨ।ਗ਼ਮਗੀਨ ਮੁਦਰਾ ਵਿਚ ਪਾਸੇ ਖੜ੍ਹੇ ਸਿਪਾਹੀ ਆਖਰੀ ਇਸ਼ਾਰੇ ਦੀ ਉਡੀਕ ਕਰ ਰਹੇ ਹਨ।

ਮੈਜਿਸਟਰੇਟ ਅਚਾਨਕ ਇਸ਼ਾਰਾ ਕਰਦ ਹੈ!....ਜੱਲਾਦ ਡੋਲਦੇ ਮਨ ਨਾਲ ਆਪਣਾ ਫਰਜ਼ ਪੂਰਾ ਕਰਦਾ ਹੈ। ਪੈਰਾਂ ਹੇਠਲੇ ਫੱਟੇ ਭਿਆਨਕ ਆਵਾਜ਼ ਕਰਦੇ ਖਿਸਕ ਜਾਂਦੇ ਹਨ। ਤਿੰਨ ਜ਼ਿੰਦਗੀਆਂ ਰੱਸਿਆਂ ਦੇ ਆਸਰੇ ਲਟਕਣ ਲੱਗਦੀਆਂ ਹਨ।

ਠੀਕ ਉਸੇ ਸਮੇਂ ਜੇਲ੍ਹ ਦੀ ਬੈਰਕ ਵਿਚ ਰੋਸ਼ਨਦਾਨਾਂ ਵਿਚ ਬੈਠੇ ਤਿੰਨ ਪੰਛੀ ਘਬਰਾਕੇ ਫੜਫੜਾਉਂਦੇ ਉੱਡ ਪੈਂਦੇ ਹਨ ਤੇ ਆ ਰਹੀ ਰਾਤ ਦੇ ਹਨੇਰੇ ਵਿਚ, ਸੂਰਜ ਦੀ ਭਾਲ ਕਰਨ ਲਈ....ਅਨੰਤ ਗਗਨਾਂ ਵਿਚ ਅਲੋਪ ਹੋ ਜਾਂਦੇ ਹਨ।

ਜੇਲ੍ਹ ਅੰਦਰ ਕਬਰਾਂ ਜਿਹੀ ਚੁੱਪ ਹੈ। ਬੈਰਕਾਂ ਵਿਚ ਰੋਣ ਦੀਆਂ ਆਵਾਜ਼ਾਂ ਸੁਣਦੀਆਂ ਹਨ। ਫਾਂਸੀ ਲੱਗਣ ਤੋਂ ਬਾਅਦ ਚੜ੍ਹਤ ਸਿੰਘ ਇਕੱਲਾ ਬੈਠ ਕੇ, ਫੁੱਟ-ਫੁੱਟ ਕੇ ਰੋਣ ਲੱਗਦਾ ਹੈ।

ਸਮਾਂ ਰੁਕਦਾ ਨਹੀਂ, ਭਾਰਤ ਆਜ਼ਾਦ ਹੋਏ ਨੂੰ ਅੱਜ ਪੂਰੇ 60 ਵਰ੍ਹੇ ਹੋ ਗਏਹਨ।ਓਸ ਸਮੇਂ ਵੀ, ਕਾਂਗਰਸੀ ਨੇਤਾ ਅਤੇ ਅੰਗਰੇਜ਼ੀ ਹਕੂਮਤ ਭਗਤ ਸਿੰਘ ਹੋਰਾਂ ਦੀ ਵਿਚਾਰਧਾਰਾ ਅਤੇ ਉਨ੍ਹਾਂ ਦੇ ਸਮਾਜਵਾਦੀ ਸਿਧਾਂਤ ਤੋਂ ਡਰਦੇ ਸਨ।.....ਅੱਜ ਵੀ ਸਾਡੀਆਂ ਸਰਕਾਰਾਂ ਇਨ੍ਹਾਂ ਨਾਵਾਂ ਤੋਂ ਤ੍ਰਹਿੰਦੀਆਂ ਸਨ।

ਉਦੋਂ ਭਗਤ ਸਿੰਘ ਹੋਰਾਂ ਨੂੰ ਫਾਂਸੀ ਚਾੜ੍ਹਕੇ ਅੰਗਰੇਜ਼ੀ ਹਕੂਮਤ ਅਤੇ ਉਨ੍ਹਾਂ ਦੇ ਮਿੱਤਰ ਭਾਰਤੀ ਨੇਤਾ ਸਮਝਦੇ ਸਨ, ਅਸੀਂ ਆਪਣੇ ਮਿਸ਼ਨ ਵਿਚ ਕਾਮਯਾਬ ਹੋਏ ਹਾਂ। ਅਸੀਂ ਇਨਕਲਾਬੀ ਜਥੇਬੰਦੀ 'ਹਿੰਦੁਸਤਾਨ ਸੋਸ਼ਲਿਸਟ ਰੀਪਬਲਕੀਨ ਪਾਰਟੀ ਦਾ ਸਦਾ ਲਈ ਭੋਗ ਪਾ ਦਿੱਤਾ ਹੈ।..... ਇਹ ਕਿਸੇ ਹੱਦ ਤੱਕ ਸੱਚ ਵੀ ਹੈ।ਕਿਉਂਕਿ ਭਗਤ ਸਿੰਘ ਹੋਰਾਂ ਦੇ ਸ਼ਹੀਦ ਹੋਣ ਤੋਂ ਬਾਅਦ, ਕੁਝ ਸਮੇਂ ਵਿਚ ਹੀ.....ਇਸਦੇ ਮੈਂਬਰ ਗ੍ਰਿਫ਼ਤਾਰ ਹੋਣ

ਆਪਣੇ ਦੁਸ਼ਮਣਾਂ ਦੀ ਪਹਿਚਾਣ ਸਿਰਫ਼ ਰੰਗ, ਨਸਲ ਅਤੇ ਇਲਾਕੇ ਨਾਲ ਹੀ ਨਹੀਂ ਬੱਝੀ ਹੁੰਦੀ ਬਲਕਿ ਉਨ੍ਹਾਂ ਵਲੋਂ ਜਨ ਸਮੂਹ ਦੀ ਕੀਤੀ ਜਾਂਦੀ ਲੁੱਟ ਵਿਚੋਂ ਦੇਖੀ ਜਾਂਦੀ ਹੈ।ਸਾਨੂੰ ਮਾਨਵਤਾ ਦੇ ਪੱਖ ਵਿਚ ਉਸਾਰੀਆਂ ਹਰ ਤਰ੍ਹਾਂ ਦੀਆਂ ਨਵੀਆਂ ਯੋਜਨਾਵਾਂ ਉਪਰ ਆਪਣੇ ਆਪ ਨੂੰ ਮਾਨਵਤਾ ਦੇ ਗੀਤਾਂ ਦੇ ਪੱਖ ਵਿਚ ਤੋਰ ਲੈਣਾ ਚਾਹੀਦਾ ਹੈ।ਉਨ੍ਹਾਂ ਨੂੰ ਚੁਣੌਤੀ ਦੇਣੀ ਚਾਹੀਦੀ ਹੈ ਕਿ ਇਕ ਦਿਨ ਦੇਰ ਜਾਂ ਸਵੇਰ ਉਹ ਦੁਨੀਆ ਦੇ ਇਤਿਹਾਸਕ ਦੌਰ 'ਚੋਂ ਖਤਮ ਹੋ ਜਾਣਗੇ ਅਤੇ ਮਾਨਵਤਾ ਆਪਣੀ ਖੁਸ਼ੀ ਵਿਚ ਆਪਣੇ ਗੀਤ ਗਾਏਗੀ।

-ਕ੍ਰਿਸਟੋਫਰ (1968)

ਨਾਲ, ਜਥੇਬੰਦੀ ਦੀਆਂ ਸਰਗਰਮੀਆਂ ਇਕਦਮ ਨਾ-ਮਾਤਰ ਰਹਿ ਗਈਆਂ।

ਦੂਸਰੇ ਪਾਸੇ ਭਗਤ ਸਿੰਘ ਅਤੇ ਉਸਦੇ ਸਾਥੀ ਸੋਚਦੇ ਸਨ, ਅਸੀਂ ਵੀ ਆਣੇ ਮਕਸਦ ਵਿਚ ਕਾਮਯਾਬ ਹੋਏ ਹਾਂ। ਅਸੀਂ ਇਨਕਲਾਬ ਦੇ ਨਾਅਰੇ ਨੂੰ ਅਤੇ ਆਪਣੀ ਵਿਚਾਰਧਾਰਾ ਨੂੰ, ਸਮਾਜਵਾਦ ਦੇ ਸੰਕਲਪ ਨੂੰ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚਾ ਦਿੱਤਾ ਹੈ। ਇਹ ਵੀ ਸੱਚ ਹੈ।

ਭਾਰਤ ਦੇ ਬੁੱਧੀਜੀਵੀ ਅਤੇ ਖ਼ਾਸ ਕਰਕੇ ਨੌਜਵਾਨ ਵਰਗ.....ਭਗਤ ਸਿੰਘ ਦੀ ਫਿਲਾਸਫ਼ੀ ਅਪਣਾਉਣ ਲੱਗੇ ਹਨ।

ਬਦਕਿਸਮਤੀ ਨਾਲ ਭਾਰਤ ਦੀ ਹੋਣੀ ਉਨ੍ਹਾਂ ਲੋਕਾਂ ਦੇ ਹੱਥਾਂ ਵਿਚ ਰਹੀ ਹੈ, ਜਿਨ੍ਹਾਂ ਨੇ ਦੇਸ਼ ਅਤੇ ਕੌਮ ਲਈ ਸੋਚਣ ਦੀ ਬਜਾਇ, ਆਪਣੇ ਨਿੱਜ ਅਤੇ ਪਰਿਵਾਰਾਂ ਲਈ ਹੀ ਸੋਚਿਆ ਹੈ।

ਅੱਜ ਹਰ ਨੌਜਵਾਨ ਸੋਚਦਾ ਹੈ, ਜੇ ਭਗਤ ਸਿੰਘ ਜਿਉਂਦਾ ਹੁੰਦਾ ਤਾਂ ਇਸ ਦੇਸ਼ ਦਾ ਢਾਂਚਾ ਸਮਾਜਵਾਦੀ ਪੈਟਰਨ ਤੇ ਉਸਰਿਆ ਹੁੰਦਾ। ਇਸ ਤਰ੍ਹਾਂ ਦੀ ਭਾਵੁਕ ਕਲਪਨਾ ਨਾਲੋਂ ਉਸਦੀ ਵਿਚਾਰਧਾਰਾ ਨੂੰ ਅਪਣਾਉਣ ਦੀ ਜ਼ਰੂਰ ਹੈ। ਦੇਸ਼ ਨੂੰ ਅੱਜ ਇਕ ਨਹੀਂ ਸੈਂਕੜੇ ਭਗਤ ਸਿੰਘਾਂ ਦੀ ਲੋੜ ਹੈ।

ਭਗਤ ਸਿੰਘ ਆਪਣੇ ਇਨਕਲਾਬੀ ਮਿੱਤਰਾਂ ਨੂੰ ਸਵਾਲ ਕਰਿਆ ਕਰਦਾ ਸੀ....'ਆਜ਼ਾਦੀ ਤੋਂ ਸਾਡਾ ਕੀ ਭਾਵ ਹੈ?

- ਕੀ ਅੰਗਰੇਜ਼ੀ ਵਾਇਸਰਾਇ ਨੂੰ ਹਟਾ ਕੇ, ਉਸਦੀ ਥਾਂ ਕਿਸੇ ਭਾਰਤੀ ਨੂੰ ਬਿਠਾ ਦੇਣ ਲਈ ਆਜ਼ਾਦੀ ਦੀ ਸਮੱਸਿਆ ਦਾ ਹੱਲ ਹੋ ਜਾਵੇਗਾ?

- ਕੀ ਆਰਥਿਕ ਨਾ ਬਰਾਬਰੀ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਬਰਕਰਾਰ ਰਹਿੰਦਿਆਂ, ਅਸੀਂ ਸਹੀ ਅਰਥਾਂ ਵਿਚ ਆਜ਼ਾਦੀ ਮਾਣ ਸਕਾਂਗੇ?

- ਆਜ਼ਾਦੀ ਤੋਂ ਬਾਅਦ ਸਰਕਾਰ ਕਿਨ੍ਹਾਂ ਦੀ ਹੋਵੇਗੀ ਅਤੇ ਆਉਣ ਵਾਲੇ ਸਮਾਜ ਦੀ ਰੂਪ-ਰੇਖਾ ਕੀ ਹੋਵੇਗੀ?

ਉਸਨੇ ਸਪਸ਼ਟ ਕੀਤਾ ਸੀ, ਸਮਾਜਿਕ ਅਤੇ ਆਰਥਿਕ ਆਜ਼ਾਦੀ ਤੋਂ ਬਿਨਾਂ ਰਾਜਨੀਤਕ ਆਜ਼ਾਦੀ, ਅਸਲ ਵਿਚ ਮੁੱਠੀ ਭਰ ਲੋਕਾਂ ਵਲੋਂ ਬਹੁਮਤ ਨੂੰ ਚੂਸਣ ਲਈ ਹੀ ਆਜ਼ਾਦੀ ਹੋਵੇਗੀ। ਇਹ ਕਥਨ ਅੱਜ ਵੀ ਕਿੰਨਾ ਪ੍ਰਸੰਗਿਕ ਹੈ।

ਤੇ ਭਗਤ ਸਿੰਘ ਦੇ ਨਾਲ ਇਹ ਸਵਾਲ ਅੱਜ ਵੀ ਭਾਰਤ ਦੇ ਨੌਜਵਾਨਾਂ ਵੱਲ, ਮੂੰਹ ਅੱਡੀ ਖੜ੍ਹੀ ਇਕ ਆਸ ਨਾਲ ਤੱਕ ਰਹੇ ਹਨ, ਕਦੋਂ ਉਸਦੇ ਸੁਪਨਿਆਂ ਦਾ ਸਮਾਜ ਸਥਾਪਤ ਹੋਵੇਗਾ। ਭਗਤ ਸਿੰਘ ਜਿਹੀਆਂ

ਅਸੀਂ ਅਕਸਰ ਇਤਿਹਾਸ ਦੇ ਪਾਤਰਾਂ ਨੂੰ ਇੰਝ ਪੜ੍ਹਦੇ ਹਾਂ ਜਿਵੇਂ ਉਨ੍ਹਾਂ ਦਾ ਵਿਧਵਤਾ ਨਾਲ ਕੋਈ ਨੇੜੇ ਦਾ ਸਬੰਧ ਨਾ ਹੋਵੇ ਬਲਕਿ ਉਹ ਤਾਂ ਸਿਰਫ਼ ਤੇ ਸਿਰਫ਼ ਕੁਰਬਾਨੀਆਂ ਬਾਰੇ ਹੀ ਸੋਚ ਰਹੇ ਹੋਣ। ਹਾਲਾਂਕਿ ਕੁਰਬਾਨੀ ਕਿਸੇ ਵੱਡੇ ਅਕੀਦੇ ਦੀ ਪੂਰਤੀ ਵਾਸਤੇ ਇਕ ਅਹਿਮ ਹਿੱਸਾ ਹੁੰਦੀ ਹੈ ਪ੍ਰੰਤੂ ਜਿਸ ਕਿਸਮ ਨਾਲ ਵਿਚਾਰਾਂ ਦੀ ਸ਼ਾਣ ਤਿੱਖੀ ਹੋਣੀ ਚਾਹੀਦੀ ਹੈ ਉਸ ਬਾਰੇ ਭਗਤ ਸਿੰਘ ਬੜੇ ਸੰਜੀਦਾ ਸਨ। ਉਨ੍ਹਾਂ ਦਾ ਕਥਨ ਇੰਝ ਸੀ, "ਇਨਕਲਾਬ ਮਿਹਨਤੀ ਵਿਚਾਰਕਾਂ ਅਤੇ ਮਿਹਨਤੀ ਕਾਰਕੁੰਨਾਂ ਦੀ ਪੈਦਾਇਸ਼ ਹੁੰਦਾ ਹੈ। ਬਦਕਿਸਮਤੀ ਨੂੰ ਭਾਰਤੀ ਇਨਕਲਾਬ ਦਾ ਬੌਧਿਕ ਪੱਖ ਹਮੇਸ਼ਾ ਕਮਜ਼ੋਰ ਰਿਹਾ ਹੈ। ਇਸ ਲਈ ਇਨਕਲਾਬ ਦੀਆਂ ਜ਼ਰੂਰੀ ਗੱਲਾਂ ਅਤੇ ਕੀਤੇ ਗਏ ਕਾਰਜਾਂ ਦੇ ਪ੍ਰਭਾਵ ਵੱਲ ਧਿਆਨ ਨਹੀਂ ਦਿੱਤਾ ਗਿਆ। ਇਸ ਵਾਸਤੇ ਇਕ ਇਨਕਲਾਬੀ ਨੂੰ ਅਧਿਐਨ ਅਤੇ ਚਿੰਤਨ ਨੂੰ ਆਪਣੀ ਪਵਿੱਤਰ ਜ਼ਿੰਮੇਵਾਰੀ ਬਣਾ ਲੈਣਾ ਚਾਹੀਦਾ ਹੈ।" ਉਨ੍ਹਾਂ ਨੇ ਇਸ ਕਥਨ 'ਤੇ ਪਹਿਰੇਦਾਰੀ ਕਰਦਿਆਂ ਆਪਣੇ ਆਪ ਨੂੰ ਚਿੰਤਨ ਦੇ ਨਾਲੋਂ ਕਦੇ ਵੀ ਅਲੱਗ ਨਹੀਂ ਸੀ ਕੀਤਾ। ਪ੍ਰੰਤੂ ਅਸੀਂ ਸ਼ਾਇਦ ਇਸ ਪਵਿੱਤਰ ਕਾਰਜ ਤੋਂ ਅਜੇ ਕੋਹਾਂ ਦੂਰ ਹਾਂ। ਜਿਨ੍ਹਾਂ ਨਵਾਂ ਸਮਾਜ ਬਣਾਉਣਾ ਹੁੰਦਾ ਹੈ ਉਨ੍ਹਾਂ ਨੂੰ ਤਾਂ ਅਧਿਐਨ ਅਤੇ ਚਿੰਤਨ ਆਪਣੀ ਜੀਵਨ ਜਾਚ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਇਸ ਦੀ ਪੂਰਤੀ ਕੀਤੇ ਤੋਂ ਬਿਨਾਂ ਅਸੀਂ ਕਦੇ ਵੀ ਆਪਣੇ ਸਮਿਆਂ ਦੇ ਸਹੀ ਸਬਕ ਨਹੀਂ ਕੱਢ ਸਕਦੇ ਅਤੇ ਨਾ ਹੀ ਅਸੀਂ ਸਹੀ ਕਿਸਮ ਦੀ ਸੋਚ ਨੂੰ ਹੋਰ ਹੁਲਾਰਾ ਦੇ ਸਕਦੇ ਹਾਂ। ਭਗਤ ਸਿੰਘ ਨੂੰ ਯਾਦ ਕਰਨਾ ਉਸ ਕਿਸਮ ਦੀ ਬੁੱਧੀ ਨੂੰ ਆਪਣੇ ਅੰਦਰ ਸੁਮਿੱਲਤ ਕਰਨ ਦੇ ਬਰਾਬਰ ਹੈ ਜਿਸ ਜ਼ਰੀਏ ਇਕ ਨਵਾਂ ਨਰੋਆ ਵਿਚਾਰ ਵਿਕਸਿਤ ਹੋ ਸਕੇ।

ਪੱਖਾਂ ਬੰਨ੍ਹ ਕੇ ਕੁਝ ਨਹੀਂ ਸੰਵਰਨਾ, ਭਗਤ ਸਿੰਘ ਜਿਹੇ ਸਿਰਾਂ ਦੀ ਵੀ ਤਲਾਸ਼ ਕਰਨੀ ਹੋਵੇਗੀ।

"ਦੇਸ਼ ਦਾ ਭਵਿੱਖ ਨੌਜਵਾਨਾਂ ਦੇ ਸਹਾਰੇ ਹੈ। ਉਹੀ ਮਿੱਟੀ ਦੇ ਪੁੱਤਰ ਹਨ। ਉਨ੍ਹਾਂ ਨੂੰ ਦੁੱਖ ਝੱਲਣ ਲਈ ਤਤਪਰਤਾ, ਉਨ੍ਹਾਂ ਦੀ ਬੇਖ਼ੌਫ ਬਹਾਦਰੀ ਅਤੇ ਲਹਿਰਾਉਂਦੀ ਕੁਰਬਾਨੀ ਦਰਸਾਉਂਦੀ ਹੈ ਕਿ ਭਾਰਤ ਦਾ ਭਵਿੱਖ ਉਨ੍ਹਾਂ ਦੇ ਹੱਥਾਂ ਵਿਚ ਮਹਿਫ਼ੂਜ਼ ਹੈ।'

ਕਈ ਵਾਰੀ ਅਜਿਹੇ ਸ਼ਾਨਦਾਰ ਵਰ੍ਹੇ ਮਨੁੱਖ ਦੇ ਜੀਵਨ ਵਿਚ ਆਉਂਦੇ ਨੇ ਜਿਨ੍ਹਾਂ ਵਿਚੋਂ ਉਸ ਨੂੰ ਰੌਸ਼ਨੀ ਦਿਖਾਈ ਦੇਣ ਲੱਗ ਜਾਂਦੀ ਹੈ ਜਦੋਂ ਦਬੇ ਹੋਏ ਲੋਕ ਇਕ ਅਜਿਹੀ ਤਾਕਤ ਬਣ ਕੇ ਖੜ੍ਹੇ ਹੋ ਜਾਂਦੇ ਨੇ ਜਿਹੜੇ ਉਨ੍ਹਾਂ ਦੇ ਚਿਹਰਿਆਂ 'ਤੇ ਨਵੇਂ ਵਿਚਾਰ ਉਕਰ ਦਿੰਦੀ ਹੈ ਅਤੇ ਇਕ ਨਵੇਂ ਵਗਦੇ ਪਾਣੀਆਂ ਦਾ ਗੀਤ ਉਨ੍ਹਾਂ ਦੇ ਗੀਤਾਂ ਦਾ ਹਿੱਸਾ ਬਣ ਜਾਂਦਾ ਹੈ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਸੰਘਰਸ਼ਾਂ ਦੇ ਸਮਿਆਂ ਦੌਰਾਨ ਸ਼ਹਾਦਤਾਂ ਪ੍ਰਾਪਤ ਕਰਕੇ ਇਨਸਾਨ ਲਗਾਤਾਰ ਉਨ੍ਹਾਂ ਦੇ ਖ਼ੂਨ ਵਿਚ ਖੌਲਦੇ ਪ੍ਰਤੀਤ ਹੁੰਦੇ ਹਨ। ਅਜਿਹੇ ਸਮੇਂ ਹੀ ਸੰਭਵ ਨੂੰ ਅਸੰਭਵ ਬਣਾਉਣ ਦਾ ਇਤਿਹਾਸਕ ਰਸਤਾ ਪ੍ਰਦਾਨ ਕਰਦੇ ਹਨ

- ਪਾਬਲੋ ਨਾਰੂਦਾ (1967)

- ਬਲਜਿੰਦਰ ਸਿੰਘ

# ਕਿਸਾਨੀ ਸੰਕਟ ਨੂੰ ਬਹੁ-ਪੱਖਾਂ ਤੋਂ ਦੇਣ ਦੀ ਜ਼ਰੂਰਤ

ਕਿਸਾਨੀ ਦੇ ਸੰਕਟ ਨੂੰ ਸਿਰਫ ਖੇਤੀਬਾੜੀ ਦੇ ਢੰਗ ਤਰੀਕਿਆਂ, ਖਰਚਿਆਂ ਤੇ ਕਣਕ-ਚਾਵਲ ਚੱਕਰ ਨੂੰ ਤੋੜ ਕੇ ਮੰਡੀ ਦੀਆਂ ਲੋੜਾਂ ਅਨੁਸਾਰ ਖੇਤੀ ਕਰਨ ਨੂੰ ਤਰਜੀਹ ਦੇਣ ਲਈ ਦਲੀਲਾਂ ਤੇ ਅਪੀਲਾਂ ਕੀਤੀਆਂ ਜਾਂਦੀਆਂ ਹਨ, ਇਥੋਂ ਤੱਕ ਕਿ ਕਿਸਾਨੀ ਤਾਂ ਖੁਦਕਸ਼ੀਆਂ ਦੇ ਰਾਹ ਤੇ ਇਸ ਕਰਕੇ ਪੈ ਗਈ ਹੈ।ਉਸ ਨੇ ਆਪਣੇ ਖਰਚੇ ਉੱਤੇ ਤੇ ਆਪਣੇ ਧੀਆਂ ਪੁੱਤਾਂ ਦੇ ਵਿਆਹਾਂ ਦੇ ਖਰਚੇ ਵਧਾ ਲਏ ਹਨ। ਇਹਨਾਂ ਸਭ ਦਲੀਲਾਂ ਨੂੰ ਪ੍ਰਸਿੱਧ ਵਿਦਵਾਨ ਪ੍ਰਭਾਤ ਪਟਨਾਇਕ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਨੇ ਅਰਥਸ਼ਾਸ਼ਤਰ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਰਵਾਏ ਗਏ ਸੈਮੀਨਾਰ "ਖੇਤੀਬਾੜੀ ਤੇ ਪੇਂਡੂ ਭਾਰਤ" ਦੌਰਾਨ ਬਾਖੂਬੀ ਨਾਲ ਰੱਦ ਹੀ ਨਹੀ ਕੀਤੇ ਬਲਕਿ ਉਹਨਾਂ ਨੇ ਸਪਸ਼ਟ ਰੂਪ 'ਚ ਕਿਹਾ ਕਿਸਾਨੀ ਦੇ ਸੰਕਟ ਨੂੰ ਸਿਰਫ ਇੱਕ ਵਿਸ਼ੇਸ਼ ਸੈਕਟਰ ਖੇਤੀਬਾੜੀ ਤੱਕ ਸੰਗੋੜ ਕੇ ਨਾ ਦੇਖਿਆ ਜਾਵੇ ।

ਪ੍ਰਸਿੱਧ ਅਰਥਸ਼ਾਸ਼ਤਰੀ ਨੇ ਦਲੀਲਾਂ ਦੀ ਝੜੀ ਲਗਾਉਂਦਿਆਂ ਕਿਹਾ ਅਜੋਕੇ ਸਮੇਂ ਨੂੰ 19ਵੀਂ ਤੇ 20ਵੀਂ ਸਦੀ ਦੀਆਂ ਬਹਿਸਾਂ ਤੱਕ ਸੰਗੜ ਕੇ ਨਾ ਦੇਖਿਆ ਜਾਵੇ, ਬਲਕਿ ਇਤਿਹਾਸ ਦੀ ਸਹੀ ਪੜਤ ਕੀਤੀ ਜਾਵੇ, ਉਹਨਾਂ ਕਿਹਾ ਅੱਜ ਦਲੀਲ ਦਿੱਤੀ ਜਾਂਦੀ ਹੈ ਕਿ ਕਿਸਾਨੀ ਦਾ ਉਜਾੜਾ ਲਾਜ਼ਮੀ ਹੈ ਕਿਉਂਕਿ ਅਜੋਕੇ ਸਨਅਤੀ ਵਿਕਾਸ ਲਈ ਕਿਸਾਨਾਂ ਦੀਆਂ ਜਮੀਨਾਂ ਖੁਸਣੀਆਂ ਲਾਜ਼ਮੀ ਹਨ, ਉਹਨਾਂ ਨੂੰ ਮਜਦੂਰ ਬਣਨ ਲਈ ਤਿਆਰ ਰਹਿਣਾ ਚਾਹੀਦਾ ਹੈ ਇਸ ਲਈ ਦਲੀਲ ਲੰਡਨ ਤੇ ਮਾਨਚੈਸਟਰ 'ਚ ਹੋਏ ਸਨਅਤੀ ਤਬਦੀਲੀ ਕਰਨ ਦੀ ਪ੍ਰੀਕਿਰਿਆ ਨੂੰ ਆਧਾਰ ਬਣਾ ਕੇ ਦਿੱਤੀ ਜਾਂਦੀ ਹੈ ਹਾਲਾਕਿ 1810 'ਚ ਲੰਡਨ ਤੇ ਮੈਨਚੈਸਟਰ ਦੀ ਕੁੱਲ ਆਬਾਦੀ 12 ਮਿਲੀਅਨ ਸੀ ।ਸੰਨ 1846 'ਚ ਇਹਨਾਂ ਤਬਦੀਲੀਆਂ ਨਾਲ 10 ਮਿਲੀਅਨ ਲੋਕਾਂ ਦਾ ਉਜਾੜਾ ਹੋਇਆ ਸੀ , ਇਸ ਤੱਥ ਨੂੰ ਛੁਪਾ ਦਿੱਤਾ ਜਾਂਦਾ ਹੈ ।ਅੱਜ ਦਲੀਲ ਦਿੱਤੀ ਜਾਂਦੀ ਹੈ ਕਿ ਕਾਰਪੋਰੇਟ ਖੇਤੀ ਲਈ ਕਿਸਾਨਾਂ ਦੀਆਂ ਜਮੀਨਾਂ ਖੁਸਣੀਆਂ ਲਾਜ਼ਮੀ ਹਨ।ਪ੍ਰੰਤੂ ਇਹ ਦਲੀਲ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਜਾਂ ਪਰਦਾ ਪਾਇਆ ਜਾ ਰਿਹਾ ਹੈ ਕਿ ਵਿਕਾਸ ਦਾ ਅੰਕੜਾ ਬਹੁਤ ਉੱਚਾ ਹੈ , ਪ੍ਰੰਤੂ ਕਿਸਾਨੀ ਦਾ ਜੀਵਨ ਦੁਭਰ ਹੁੰਦਾ ਜਾ ਰਿਹਾ ਹੈ। ਇਸ ਦਾ ਬੁਨਿਆਦੀ ਕਾਰਨ ਲਗਾਤਾਰ ਕਿਸਾਨ ਦੀਆਂ ਪੈਦਾਵਾਰ ਵਾਲੀਆਂ ਜਿਣਸਾਂ ਦਾ ਮੁੱਲ ਬਹੁਤ ਘੱਟ ਵੱਧਦਾ ਹੈ ਕਿਉਂਕਿ ਪ੍ਰਤੀ ਜੀਅ ਲਗਾਤਾਰ ਹੇਠਲੇ 80% ਤਬਕਿਆਂ ਦੀ ਖ੍ਰੀਦ ਸ਼ਕਤੀ ਲਗਾਤਾਰ ਘਟਦੀ ਜਾਂਦੀ ਹੈ ।ਇਹ ਵਰਤਾਰਾ 2004 ਤੋਂ ਹੁਣ ਤੱਕ ਤਾਂ ਤੇਜ਼ੀ ਨਾਲ ਵਧਿਆ ਹੈ ਜਦੋਂ ਕਿਸਾਨ ਦੀਆਂ ਜਿਣਸਾਂ ਉਪਰ ਖ੍ਰੀਦਦਾਰ ਦਾ ਦਬਾਅ ਹੀ ਨਹੀਂ ਤਾਂ ਰੇਟ ਕਿਵੇਂ ਵੱਧਣਗੇ।ਸਿਰਫ ਉਪਰਲੇ 10 ਪ੍ਰਤੀਸ਼ਤ ਤੇ ਵਿੱਚ ਵਿਚਾਲੇ ਲਟਕਦੇ 10 ਪ੍ਰਤੀਸ਼ਤ ਲਈ ਕੀਤੀ ਜਾਦੀ ਪੈਦਾਵਾਰ ਜਿਵੇਂ ਮਿਲਕ ਨਾਲ ਸੰਬੰਧਤ ਵਸਤੂਆਂ ਹਨ ਜਿਹੜੀਆਂ ਆਧੁਨਿਕ ਮੰਡੀ ਦੀਆਂ ਲੋੜਾਂ ਅਨੁਸਾਰ ਆਉਂਦੀਆਂ ਹਨ ਦੀਆਂ ਕੀਮਤਾਂ 'ਚ ਵਾਧਾ ਹੋਇਆ ਹੈ ।ਉਹਨਾਂ ਕਿਹਾ ਕਿਸਾਨੀ ਦਾ ਸਮੁੱਚਾ ਜੀਵਨ ਪਿਛਲੇ ਦਹਾਕੇ ਤੋਂ ਸੰਕਟਗ੍ਰਸਤ ਹੋਇਆ ਪਿਆ ਹੈ ਕਿਉਂਕਿ ਕਿਸਾਨ ਲਈ ਸਰਕਾਰੀ ਫੰਡ ਤੇ ਸਹਾਇਤਾ ਪ੍ਰਬੰਧ ਲਗਾਤਾਰ ਡਿਗਦਾ ਜਾ ਰਿਹਾ ਹੈ, ਉਸ ਨੂੰ ਸਿਹਤ ਸਿੱਖਿਆ ਤੇ ਜੀਵਨ ਲਈ ਖੁਲ੍ਹੀ ਮੰਡੀ ਦੇ ਹਵਾਲੇ ਹੋਣਾ ਪੈਂਦਾ ਹੈ ।

ਉਹਨਾਂ ਕਰਜ਼ੇ ਸਬੰਧੀ ਦਿੱਤੀਆ ਜਾਂਦੀਆਂ ਸਮੁੱਚੀਆਂ ਦਲੀਲਾਂ ਨੂੰ ਕੱਟਦਿਆਂ ਕੇਰਲਾ ਦੀ ਉਦਾਹਰਣ ਦਿੱਤੀ ਕਿ ਜਦੋਂ ਕਿਸਾਨੀ ਦੇ ਕਰਜ਼ੇ ਨੂੰ ਮੁਆਫ ਕਰਨ ਲਈ ਸਵਾਲ ਸਾਹਮਣੇ ਆਇਆ ਕਿ ਸਿਰਫ ਖੇਤੀ ਨਾਲ ਸੰਬੰਧਤ ਕਰਜ਼ੇ ਨੂੰ ਮੁਆਫ ਕਰ ਦਿੱਤਾ ਜਾਵੇ ਬਾਕੀ ਕਰਜ਼ੇ ਜੋ ਵਿਆਹ ਸੰਬੰਧੀ, ਘਰ ਸੰਬੰਧੀ, ਬਿਮਾਰੀ ਸੰਬੰਧੀ, ਸਮਾਜਿਕ ਦਿੱਕਤਾ ਦੀ ਪੂਰਤੀ ਲਈ ਲਿਆ ਜਾਂਦਾ ਹੈ ਉਹ ਮੁਆਫ ਨਾ ਕੀਤਾ ਜਾਵੇ, ਪ੍ਰੰਤੂ ਕੇਰਲਾ ਸਰਕਾਰ ਨੇ ਉਹਨਾਂ ਦੀਆਂ ਦਲੀਲਾਂ ਨੂੰ ਮੰਨਦਿਆ ਫੈਸਲਾ ਲਿਆ ਕਿ ਕਿਸਾਨੀ ਦੇ ਜੀਵਨ ਦੀਆਂ ਸਮੁਚੀਆਂ ਪਰਤਾਂ ਦੇ ਪ੍ਰਸੰਗ 'ਚ ਹਰੇਕ ਕਿਸਮ ਦਾ ਕਰਜ਼ਾ ਮੁਆਫ ਕੀਤਾ ਜਾਵੇ ਕਿਉਂਕਿ ਉਹ ਵੀ ਇਹ ਸਮੁੱਚੇ ਰੂਪ 'ਚ ਇੱਕ ਸਮਾਜ ਦੀ ਇਕਾਈ ਹੈ ਨਾਂ ਕਿ ਪੈਦਾਵਾਰ ਕਰਨ ਵਾਲਾ ਸੰਦ ਹੈ।ਸੋ ਕਿਸਾਨੀ ਉਪਰ ਪਏ ਕਰਜ਼ੇ ਨੂੰ ਸਮੁੱਚੇ ਰੂਪ 'ਚ ਸਮਝਣਾ ਚਾਹੀਦਾ ਹੈ।ਉਹਨਾਂ ਸਪਸ਼ਟ ਕਿਹਾ ਕਿਸਾਨੀ ਦਾ ਭਵਿੱਖ ਉਸ ਦੇ ਸਮੁੱਚੇ ਜੀਵਨ ਨੂੰ ਕੇਂਦਰ ਬਿੰਦੂ 'ਚ ਰੱਖ ਕੇ ਉਸ ਦੀਆਂ ਬੁਨਿਆਦੀਆਂ ਲੋੜਾਂ ਨੂੰ ਸਰਕਾਰੀ ਜੁੰਮੇਵਾਰੀ ਨਾਲ ਪੂਰੀਆਂ ਕਰਨ ਨਾਲ ਜੁੜਿਆ ਜਾਵੇ। ਉਹਨਾਂ ਆਧੁਨਿਕ ਮੰਡੀ ਦੇ ਤੌਰ 'ਚ ਕਿਸਾਨੀ ਨੂੰ ਮੁਕਾਬਲੇ ਕਰਨ ਦਾ ਸਬਕ ਪੜ੍ਹਾਉਣ ਤੇ ਸਿਖਾਉਣ ਉਸ ਨੂੰ ਹੋਰ ਸੰਕਟ ਵੱਲ ਤੋਰਨਾ ਹੈ।ਉਹਨਾਂ ਕਿਹਾ ਕਿਸਾਨ ਨੂੰ ਸਮਾਜਿਕ, ਸਭਿਆਚਾਰਕ ਤੇ ਜੀਵਨ ਜਾਂਚ ਦੀ ਇੱਕ ਸਾਂਝੀ ਕੜੀ ਸਮਝਦੇ ਹੋਏ ਉਸ ਦੇ ਸਮੂਹਕ ਜੀਵਨ ਜਾਂਚ ਦੇ ਵਿਕਾਸ ਲਈ ਮੰਡੀ ਦੇ ਰਸਤੇ ਉਪਰ ਕਿਸਾਨੀ ਨੂੰ ਤੋਰਨ ਦੀ ਥਾਂ ਕੋਆਪਰੇਟਿਵ ਤੇ ਸਮੂਹਕ ਰੂਪ ਦੇ ਵਿਕਾਸ ਮਾਡਲ ਵੱਲ ਵਿਕਸਤ ਕਰਨ ਦੀ ਜ਼ਰੂਰਤ ਹੈ ।

ਕਿਸਾਨੀ ਦੀ ਇਤਿਹਾਸਕ ਪ੍ਰਸੰਗਤਾ ਦੇ ਸੰਬੰਧ 'ਚ ਵਿਚਾਰ ਰੱਖਦਿਆ ਕਿਹਾ ਕਿਸਾਨ ਵਿਸ਼ੇਸ਼ ਕਰਕੇ ਪੰਜਾਬ ਦੇ ਕਿਸਾਨ ਦਾ ਇਤਿਹਾਸ ਕਦੇ ਵੀ ਖੁਦਕਸ਼ੀਆਂ ਦਾ ਨਹੀਂ ਰਿਹਾ ਹੈ, ਬਲਕਿ ਉਸ ਨੇ ਹਰੇਕ ਸੰਕਟ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਤੇ ਉਸ ਸਥਿਤੀ ਨੂੰ ਸਰ ਕੀਤਾ ਹੈ।ਇਸ ਕਰਕੇ ਅਜੋਕੇ ਵਿਕਾਸ ਮਾਡਲ ਮੁੜ ਪ੍ਰਭਾਸ਼ਤ ਤੇ ਸਮਝਣ ਦੀ ਲੋੜ ਹੈ ।ਜਿਸ ਦੇ ਅੰਕੜਿਆਂ ਦੇ ਗ੍ਰਾਫ ਰਾਹੀਂ 10 ਪ੍ਰਤੀਸ਼ਤ ਸਿਖਰ ਤੇ ਪਹੁੰਚ ਗਿਆ ਹੈ, ਬਾਕੀ ਹਿੱਸਾ ਹੇਠਾਂ ਡਿੱਗ ਪਿਆ ਹੈ, ਉਹਨਾਂ ਕਿਹਾ ਬਰਾਬਰਤਾ ਵਾਲਾ ਵਿਕਾਸ ਜਿਥੇ ਆਮ ਬੰਦਾ ਕੇਂਦਰ 'ਚ ਹੋਵੇ ਉਭਾਰਨ ਦੀ ਜਰੂਰਤ ਹੈ, ਇਸ ਕਾਰਜ ਲਈ ਅਰਥਚਾਰੇ ਦੀਆਂ ਅੰਦਰੂਨੀ ਵੰਨਗੀਆਂ ਨੂੰ ਉਭਾਰਨ ਵਾਲੇ ਵਿਦਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ ।ਇਸ ਨਾਲ ਕਿਸਾਨੀ ਦੇ ਸੰਕਟ ਨੂੰ ਕੋਈ ਸਾਰਥਕ ਮੋੜਾ ਪਵੇਗਾ । ਉਹਨਾਂ ਕਿਹਾ ਆਧੁਨਿਕਤਾ ਦੇ ਦੌਰ 'ਚ ਖਪਤੀ ਵਸਤੂ ਸਸਤੀਆਂ ਹੋ ਰਹੀਆਂ ਹਨ, ਲੋਕਾਂ ਦੇ ਅਸਲ ਜੀਵਨ ਵਾਲੀਆਂ ਸਹੂਲਤਾਂ ਉਹਨਾਂ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ।ਇਸ ਦਿਸ਼ਾ ਨੂੰ ਮੋੜਨ ਨਾਲ ਹੀ ਸਮੁੱਚੇ ਸਮਾਜ ਦਾ ਸਹੀ ਵਿਕਾਸ ਨਹੀਂ ਹੋਵੇਗਾ ।



ਅਸੀਂ ਇਤਿਹਾਸ ਦੇ ਸਨਮੁਖ ਖੜ੍ਹੇ ਹਾਂ। ਵਾਰ-ਵਾਰ ਭਗਤ ਸਿੰਘ ਨੂੰ ਯਾਦ ਕਰਦੇ ਹਾਂ। ਜਦੋਂ ਸਾਨੂੰ ਕੋਈ ਸਮੱਸਿਆ ਆ ਘੇਰਦੀ ਹੈ ਉਸ ਵਿਚੋਂ ਬਾਹਰ ਨਿਕਲਣ ਲਈ ਤੂੰ ਸਾਨੂੰ ਅਜਿਹੀ ਰੌਸ਼ਨੀ ਪ੍ਰਦਾਨ ਕਰਦਾ ਹਾਂ ਸਾਨੂੰ ਇੰਝ ਜਾਪਣ ਲੱਗਦਾ ਹੈ ਕਿ ਸਾਡਾ ਸੁਪਨਾ ਤੇਰੇ ਰਾਹੀਂ ਸਾਕਾਰ ਹੋਵੇਗਾ।ਤੂੰ ਜਦ ਤੱਕ ਸਾਡੀ ਸੋਚ ਦੀ ਰਹਿਨਮਈ ਕਰਦਾ ਰਹਿੰਦਾ ਹੈ ਉਸ ਨਾਲ ਅਸੀਂ ਨਵੀਆਂ ਸਮੱਸਿਆਵਾਂ ਨੂੰ ਨਵੇਂ ਵਿਚਾਰਾਂ ਨਾਲ ਨਜਿੱਠਣ ਦੇ ਕਾਬਲ ਹੋਣ ਵਲ ਨੂੰ ਵਧਦੇ ਹਾਂ।ਤੂੰ ਬੜਾ ਮਹਾਨ ਸੀ।ਤੂੰ ਕਦੀ ਵੀ ਕਿਸੇ ਮਸਲੇ ਤੋਂ ਭੱਜਿਆ ਨਹੀਂ ਸੀ। ਤੂੰ ਹਰ ਇਕ ਨੂੰ ਅਜਿਹੀ ਵਿਚਾਰਧਾਰਕ ਚੁਣੌਤੀ ਦਿੰਦਾ ਸੀ ਜਿਸ ਨਾਲ ਸਮੇਂ ਦੀਆਂ ਗਲਤ ਲਹਿਰਾਂ ਤੋਂ ਨੌਜਵਾਨ ਵਰਗ ਪਰ੍ਹੇ ਹਟ ਜਾਂਦੇ ਸਨ ਅਤੇ ਤੇਰੇ ਘੇਰੇ ਦਾ ਹਿੱਸਾ ਬਣ ਜਾਂਦੇ ਸੀ। ਹੁਣ ਅਸੀਂ ਹਾਂ ਜਿਹੜੇ ਵਾਰ ਵਾਰ ਤੇਰੋ ਤੇਰੀ ਵਿਰਾਸਤ ਤਾਂ ਲੈ ਰਹੇ ਹਾਂ ਪ੍ਰੰਤੂ ਅਜੇ ਤੇਰੇ ਸੋਚਣ ਢੰਗ ਵਿਚੋਂ ਅਸੀਂ ਅਜੇ ਬਹੁਤ ਥੋੜ੍ਹੇ ਹਿੱਸੇ ਨੂੰ ਆਪਣੇ ਅੰਦਰ ਲਿਆ ਹੈ।ਤੂੰ ਤਾਂ ਪਹਿਲੇ ਵਰ੍ਹਿਆਂ ਵਿਚ ਹੀ ਸਰਮਾਏ ਦੁਆਰਾ ਮਜ਼ਦੂਰਾਂ ਦੀਆਂ ਸਮੱਸਿਆਵਾਂ ਪ੍ਰਤੀ ਚੇਤੰਨ ਹੋ ਗਿਆ ਸੀ। ਤੂੰ ਆਪਣੇ ਸੰਗੀ ਸਾਥੀ ਕਾਰਲ ਮਾਰਕਸ ਤੋਂ ਲੈ ਕੇ ਲੈਨਿਨ ਤੱਕ ਨੂੰ ਬਣਾ ਲਿਆ ਸੀ।ਅਸੀਂ ਤਾਂ ਤੈਨੂੰ ਦੇਖ ਰਹੇ ਹਾਂ ਕਿ ਕਈ ਤੈਨੂੰ ਨਿੱਕੀਆਂ-ਨਿੱਕੀਆਂ ਵਲਗਣਾ ਚਾਹੁੰਦੇ ਨੇ ਪਰ ਅਸੀਂ ਤੈਨੂੰ ਦੁਨੀਆ ਦੇ ਪੈਮਾਨੇ 'ਤੇ ਖੜ੍ਹਾ ਕਰਕੇ ਇਕ ਸ਼ਾਨਦਾਰ ਸਮਾਜ ਦੀ ਸਥਾਪਨਾ ਦੇ ਵਿਚਾਰ ਦਾ ਹਿੱਸਾ ਬਣਾਉਣ 'ਚ ਯਕੀਨ ਰੱਖਦੇ ਹਾਂ।

ਇਨਕਲਾਬ ਤਾਂ ਦਬੇ ਅਤੇ ਲੁੱਟੇ ਜਾਂਦੇ ਲੋਕਾਂ ਦੇ ਮੇਲੇ ਹੁੰਦੇ ਹਨ ਇਨ੍ਹਾਂ ਸਮਿਆਂ 'ਚ ਮਨੁੱਖ ਅਜਿਹੇ ਹੈਰਾਨੀਜਨਤਕ ਅਤੇ ਅਚੰਬੇ ਭਰਪੂਰ ਕਾਰਜ ਕਰ ਦਿੰਦੇ ਹਨ ਜਿਹੜੇ ਉਨ੍ਹਾਂ ਨੇ ਕਈ ਸਮਿਆਂ 'ਚ ਕਦੇ ਕਦਾਈਂ ਪਹਿਲਾਂ ਵੀ ਕੀਤੇ ਹੁੰਦੇ ਹਨ।ਬੱਸ ਲੋੜ ਇਸ ਸਮੇਂ ਇਹ ਹੁੰਦੀ ਹੈ ਕਿ ਉਨ੍ਹਾਂ ਦੇ ਇਸ ਫੈਸਟੀਵਲ ਵਿਚ ਅਸੀਂ ਕਿਹੜਾ ਰਸਤਾ ਉਨ੍ਹਾਂ ਨੂੰ ਦਿਖਾ ਦਿੰਦੇ ਹਾਂ ਅਤੇ ਕਿਸ ਕਿਸਮ ਦੀ ਜਿੱਤ ਵੱਲ ਉਹ ਅਗਾਂਹ ਵਧ ਜਾਂਦੇ ਨੇ ਅਤੇ ਆਪਣੇ ਨਾਅਰਿਆਂ ਨੂੰ ਅਜਿਹੀ ਵਿਚਾਰਧਾਰਕ ਤਾਕਤ ਵਿਚ ਬਦਲ ਦਿੰਦੇ ਨੇ ਜਿਹੜੀ ਇਕ ਨਵੇਂ ਇਨਕਲਾਬ ਦਾ ਮੁਢ ਹੁੰਦੀ ਹੈ।

– ਵਾਈ ਆਈ ਲੈਨਿਨ (1905)







DIZONE CONSTRUCTION

We fulfill your needs

# DiZONE CONSTRUCTION

WE DESIGN & BUILD

EXPERIENCED PROFESSIONAL TEAM OF BUILDERS

- CONSULTATION
- PROJECT MANAGEMENT
- DRAWING PLANS
- CITY PLAN APPROVALS
- DEMOLITION/ RENOVATIONS
- ADDITIONS & EXTENSIONS
- BASEMENT EXPANSION
- DECKS & PATIOS
- LANDSCAPING +

CUSTOM BUILT DESIGNED PROJECTS

COMMERCIAL, RESIDENTIAL & INDUSTRIAL

FOR FREE CONSULTATION CALL

SPECIALIZE IN MEDICAL OFFICES - PHARMACIES - SPAS - RETAIL OUTLETS + MORE

**416-833-2162**

dizoneconstruction@gmail.com

www.dizoneconstruction.com

Tri-City

Professional Realty Inc. Brokerage.

**Paul Dosanjh**

Sales Representative


Since 1987 on Full Time Basis

Aiming straight with honesty and integrity

Dir : 416-254-7573

Email : pdosanjh2005@yahoo.com

Off. : 905-793-5777



*Avtar Singh Kamboj*

Sales Representative

Sutton

Direct : 416.319.9830

Sutton Group - Commitment Realty Ltd. BROKERAGE

Independently Owned & Operated

45 Woodbine Downs Blvd., Unit #3

Toronto, Ontario M9W 6N5

Bus: 905-746-9494


Fax: 416-674-1682

E-mail: akamboj@trebnet.com

web: www.suttongroupcommitment.com



ਰਜਿਸਟ੍ਰੇਸ਼ਨ ਨੰਬਰ 210836300




ਸ਼ਬਦਾਂ ਦੀ ਆਪਣੀ ਤਾਕਤ ਹੁੰਦੀ ਹੈ। ਇਹ ਤਾਕਤ ਨੂੰ ਵਿਚਾਰ ਹੀ ਸਹੀ ਰਸਤਾ ਪ੍ਰਦਾਨ ਕਰਦੇ ਹਨ। ਵਿਚਾਰਾਂ ਦੀ ਸਮਝਦਾਰੀ ਲਗਾਤਾਰ ਸਮੇਂ ਦੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਨਾਲ ਟਕਰਾਉਂਦੀ ਵਿਕਸਿਤ ਹੁੰਦੀ ਹੈ। ਵਿਚਾਰਾਂ ਦੀ ਤਾਕਤ ਦਾ ਅਹਿਸਾਸ ਪੰਜਾਬੀ ਲੇਖਣੀ ਵਿਸ਼ੇਸ਼ ਕਰਕੇ ਕਵਿਤਾ ਵਿਚ ਜਿਸ ਕਿਸਮ ਨਾਲ ਪਾਸ਼ ਨੇ ਪ੍ਰਦਾਨ ਕੀਤਾ ਉਹ ਅਜੋਕੇ ਸਮਿਆਂ ਦੀਆਂ ਵੱਖ ਵੱਖ ਪੰਜਾਬੀ ਲੇਖਣੀ ਦੀਆਂ ਵਿਧਾਵਾਂ ਲਈ ਇਕ ਵੰਗਾਰ ਬਣੀ ਹੋਈ ਹੈ ਕਿ ਵਿਚਾਰ ਕਿਸ ਕਿਸਮ ਨਾਲ ਮਨੁੱਖੀ ਸਮਾਜਾਂ ਦੇ ਨਿਰਮਾਣ ਵਿਚ ਹਿੱਸਾ ਪਾਉਂਦੇ ਹਨ। ਪਾਸ਼ ਨੇ ਸਿਰਫ਼ ਕਵਿਤਾ, ਕਵਿਤਾ ਵਾਸਤੇ ਨਹੀਂ ਸੀ ਲਿਖੀ ਬਲਕਿ ਉਹ ਤਾਂ ਆਪਣੇ ਕਰੂਰ ਸਮਿਆਂ ਨੂੰ ਵੰਗਾਰਦਾ ਸੀ। ਉਨ੍ਹਾਂ ਸਮਿਆਂ ਵਿਚ ਜਿਸ ਵੀ ਕਿਸਮ ਦਾ ਵਿਤਕਰਾ ਆਮ ਮਨੁੱਖ ਨਾਲ ਜਾਂ ਸ਼ਾਨਦਾਰ ਵਿਚਾਰ ਨਾਲ ਹੁੰਦਾ ਸੀ ਉਸ ਦੇ ਖਿਲਾਫ਼ ਬਿਨਾਂ ਕਿਸੇ ਲੁਕ ਲਪੇਟ ਦੇ ਪਾਸ਼ ਨੇ ਆਪਣੇ ਸ਼ਬਦਾਂ ਨੂੰ ਇਸ ਤਰ੍ਹਾਂ ਬੰਨ੍ਹਿਆ ਕਿ ਆਪਣੇ ਸਮਿਆਂ 'ਚ ਕੀ ਕੁਝ ਕਿਹਾ ਜਾ ਸਕਦਾ ਹੈ ਅਤੇ ਕਿਵੇਂ ਕਿਹਾ ਜਾ ਸਕਦਾ ਹੈ ਅਤੇ ਕਿਸ ਤਰ੍ਹਾਂ ਕਹਿਣਾ ਚਾਹੀਦਾ ਹੈ ਇਸ ਦਾ ਅਹਿਸਾਸ ਆਪਣੀ ਹਰੇਕ ਲਿਖਤ ਰਾਹੀਂ ਕਰਵਾਇਆ। ਪਾਸ਼ ਦੀ ਅਜੋਕੇ ਸਮਿਆਂ ਵਿਚ ਪ੍ਰਸੰਗਤਾ ਉਸ ਦੇ ਸੋਚਣ ਅਤੇ ਬੌਧਿਕ ਢੰਗਾਂ ਨੂੰ ਅਜੋਕੇ ਹਾਲਾਤਾਂ ਦੇ ਪ੍ਰਸੰਗ ਵਿਚ ਜੋੜ ਕੇ ਇਕ ਨਵੀਂ ਰੌਸ਼ਨੀ ਹਾਸਲ ਕਰਨ ਦੀ ਲੋੜ ਹੈ ਜਿਹੜੀ ਕਿ ਉਸ ਨੇ ਸਭ ਤੋਂ ਖਤਰਨਾਕ ਵਰਗੇ ਸ਼ਬਦਾਂ ਰਾਹੀਂ ਹਰ ਇਕ ਦੇ ਜਿਹਨ ਦਾ ਹਿੱਸਾ ਬਣਾ ਦਿੱਤੀ ਹੈ ਜੋ ਖਤਰਨਾਕ ਹੇ ਉਸ ਨੂੰ ਪਰਖਣਾ, ਦੇਖਣਾ ਅਤੇ ਹਕੀਕੀ ਵਿਚਾਰਾਂ 'ਤੇ ਇਕ ਨਵੇਂ ਸਮਾਜ ਦੀ ਸਿਰਜਣਾ ਵੱਲ ਨੂੰ ਕਦਮ ਪੁੱਟਣਾ ਇਹੀ ਪਾਸ਼ ਨੂੰ ਸੱਚੀ ਸ਼ਰਧਾਂਜਲੀ ਹੈ।